Excellence in Agri Info
KHETI DUNIYAN, PATIALA
ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
ਖੇਤੀ ਦੁਨੀਆਂ
Rs.10/-
All Subject to Patiala Jurisdiction.
www.khetiduniyan.in
Editor : Jagpreet Singh • RNI/42269/83 • Issue Dated 04-05-2024 • Vol.42 No.18 • Ph. : 0175-2214575, 90410-14575 • Page : 16
E-mail : khetiduniyan1983@gmail.com

ਰਕਬਾ ਘਟਣ ਦੇ ਬਾਵਜੂਦ ਪੰਜਾਬ ਦਾ ਕਪਾਹ ਉਤਪਾਦਨ ਵਧਿਆ

31 ਮਾਰਚ 2024 ਤੱਕ ਪੰਜਾਬ ਦਾ ਕਪਾਹ ਉਤਪਾਦਨ 59,500 ਟਨ ਹੈ

ਸਾਲ 2023-24 ਦੇ ਸੀਜ਼ਨ ਦੌਰਾਨ ਪੰਜਾਬ ਵਿਚ ਕਪਾਹ ਦੀ ਕਾਸ਼ਤ ਹੇਠ ਹੁਣ ਤੱਕ ਦਾ ਸਭ ਤੋਂ ਘੱਟ ਰਕਬਾ ਹੋਣ ਦੇ ਬਾਵਜੂਦ, ਸੂਬੇ ਵਿਚ ਪਿਛਲੇ ਸਾਲ ਦੇ ਮੁਕਾਬਲੇ ਫਸਲ ਦੇ ਉਤਪਾਦਨ 'ਚ ਮਹੱਤਵਪੂਰਨ ਵਾਧਾ ਹੋਇਆ ਹੈ ਹਾਲਾਂਕਿ ਪਿਛਲੇ ਸਾਲ ਦੇ ਮੁਕਾਬਲੇ ਕਪਾਹ ਹੇਠ ਰਕਬਾ 80,000 ਹੈਕਟੇਅਰ ਘੱਟ ਗਿਆ ਹੈ, ਪਰ ਪੰਜਾਬ ਨੇ ਪ੍ਰਤੀ ਹੈਕਟੇਅਰ ਝਾੜ ਵਿਚ ਮਹੱਤਵਪੂਰਨ ਵਾਧਾ ਦਰਜ ਕੀਤਾ ਹੈ । ਪੰਜਾਬ ਉੱਤਰੀ ਜ਼ੋਨ ਦੇ ਉਨ੍ਹਾਂ ਤਿੰਨ ਸੂਬਿਆਂ ਵਿਚੋਂ ਇਕ ਹੈ ਜਿੱਥੇ ਕਪਾਹ ਵੀ ਕਾਸ਼ਤ ਕੀਤੀ ਜਾਂਦੀ ਹੈ। ਬਾਕੀ ਦੋ ਹਰਿਆਣਾ ਅਤੇ ਰਾਜਸਥਾਨ ਹਨ ।

ਭਾਰਤੀ ਕਪਾਹ ਐਸੋਸੀਏਸ਼ਨ (ਸੀ.ਏ.ਆਈ.) ਅਤੇ ਕੇਂਦਰੀ ਟੈਕਸਟਾਈਲ ਮੰਤਰਾਲੇ ਅਧੀਨ ਟੈਕਸਟਾਈਲ ਕਮਿਸ਼ਨਰ ਦੇ ਦਫਤਰ ਤੋਂ ਪ੍ਰਾਪਤ, 2024 ਤੱਕ ਪੰਜਾਬ ਦਾ ਕਪਾਹ ਉਤਪਾਦਨ 59,500 ਟਨ (3.50 ਲੱਖ ਦਬਾਏ ਹੋਏ ਕਪਾਹ ਦੀਆਂ ਗੰਢਾ ਦੇ ਬਰਾਬਰ) ਹੈ । ਇਹ ਪਿਛਲੇ ਸਾਲ ਦੀ ਇਸੇ ਮਿਤੀ ਤਕ 46,740 ਟਨ (2.75 ਲੱਖ ਗੰਢਾਂ) ਦੇ ਉਤਪਾਦਨ ਨਾਲੋਂ ਕਾਫੀ ਵਾਧਾ ਦਰਸਾਉਂਦਾ ਹੈ । ਜ਼ਿਕਰਯੋਗ ਹੈ ਕਿ ਇਕ ਗੰਢ 170 ਕਿਲੋਗ੍ਰਾਮ ਦੇ ਬਰਾਬਰ ਹੁੰਦੀ ਹੈ ।

ਸੀ. ਏ. ਆਈ. ਦੀ ਤਾਜ਼ਾ ਰਿਪੋਰਟ ਅਨੁਸਾਰ ਪੰਜਾਬ ਦਾ ਕਪਾਹ ਉਤਪਾਦਨ ਹੋਰ ਵਧਣ ਵਾਲਾ ਹੈ । ਅਕਤੂਬਰ ਤੋਂ ਸਤੰਬਰ ਤਕ ਚਲਣ ਵਾਲੇ ਪੰਜਾਬ ਦੇ ਕਪਾਹ ਸੀਜ਼ਨ ਦੇ ਮੱਦੇਨਜ਼ਰ, ਮੰਡੀਆਂ ਵਿਚ ਕਪਾਹ ਦੀ ਆਮਦ ਸਾਰਾ ਸਾਲ ਜਾਰੀ ਰਹਿੰਦੀ ਹੈ । ਟੈਕਸਟਾਈਲ ਕਮਿਸ਼ਨਰ ਦੇ ਦਫਤਰ ਦਾ ਅਨੁਮਾਨ ਹੈ ਕਿ ਇਸ ਸੀਜ਼ਨ ਦੇ ਅੰਤ ਤਕ ਪੰਜਾਬ ਦਾ ਕੁੱਲ ਉਤਪਾਦਨ 4.89 ਲੱਖ ਗੰਢਾਂ ਤੱਕ ਪਹੁੰਚ ਜਾਵੇਗਾ, ਜੋ ਪਿਛਲੇ ਸਾਲ ਲਗਭਗ 4.44 ਲੱਖ ਗੰਢਾਂ ਸੀ । ਇਸ ਸਾਲ ਪੰਜਾਬ ਵਿਚ ਕਪਾਹ ਦੀ ਕਾਸ਼ਤ ਦਾ ਰਕਬਾ ਲਗਭਗ 1.69 ਲੱਖ ਹੈਕਟੇਅਰ ਰਿਹਾ, ਜੋ ਪਿਛਲੇ ਛੇ ਦਹਾਕਿਆਂ ਵਿਚ ਸੱਭ ਤੋਂ ਘਟ ਹੈ । ਇਸ ਦੇ ਬਾਵਜੂਦ ਪੰਜਾਬ ਵਿਚ ਪ੍ਰਤੀ ਹੈਕਟੇਅਰ ਝਾੜ ਲਗਭਗ 491.89 ਕਿਲੋਗ੍ਰਾਮ ਤੱਕ ਪਹੁੰਚ ਗਿਆ, ਜੋ ਲਗਭਗ 4.92 ਕੁਇੰਟਲ ਪ੍ਰਤੀ ਹੈਕਟੇਅਰ ਦੇ ਬਰਾਬਰ ਹੈ ।

ਪਿਛਲੇ ਸਾਲ ਪੰਜਾਬ ਨੇ 2.49 ਲੱਖ ਹੈਕਟੇਅਰ ਰਕਬੇ 'ਤੇ ਕਪਾਹ ਦੀ ਕਾਸ਼ਤ ਕੀਤੀ ਸੀ, ਜੋ ਇਸ ਸੀਜ਼ਨ ਨਾਲੋਂ 80,000 ਹੈਕਟੇਅਰ ਦਾ ਫਰਕ ਹੈ । ਹਾਲਾਂਕਿ, ਪਿਛਲੇ ਦਹਾਕੇ 'ਚ ਦਰਜ ਕੀਤੀ ਗਈ ਸਭ ਤੋਂ ਘੱਟ ਪੈਦਾਵਾਰ ਦੇ ਕਾਰਨ, ਰਾਜ ਦਾ ਕਪਾਹ ਉਤਪਾਦਨ ਕਾਫੀ ਘੱਟ ਸੀ ਜਿਸ 'ਚ ਪ੍ਰਤੀ ਹੈਕਟੇਅਰ ਸਿਰਫ 314.06 ਕਿਲੋਗ੍ਰਾਮ ਕਪਾਹ ਸੀ । ਇਸ ਦੀ ਤੁਲਨਾ 'ਚ ਕਪਾਹ ਦੀ ਕਾਸ਼ਤ ਕਰਨ ਵਾਲੇ ਉੱਤਰੀ ਜ਼ੋਨ ਦੇ ਦੋ ਹੋਰ ਸੂਬਿਆਂ ਹਰਿਆਣਾ ਅਤੇ ਰਾਜਸਥਾਨ 'ਚ ਵੀ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਪ੍ਰਤੀ ਹੈਕਟੇਅਰ ਝਾੜ 'ਚ ਵਾਧਾ ਹੋਇਆ ਹੈ ।

ਹਰਿਆਣਾ 'ਚ ਪਿਛਲੇ ਸਾਲ 31 ਮਾਰਚ ਤੱਕ 11 ਲੱਖ ਗੰਢਾਂ ਦੇ ਮੁਕਾਬਲੇ 13.50 ਲੱਖ ਗੰਢਾਂ ਦਰਜ ਕੀਤੀਆਂ ਗਈਆਂ । ਰਾਜਸਥਾਨ ਵਿਚ ਪਿਛਲੇ ਸਾਲ 31 ਮਾਰਚ ਤੱਕ 29.25 ਲੱਖ ਗੰਢਾਂ ਦੇ ਮੁਕਾਬਲੇ 29 ਲੱਖ ਗੰਢਾਂ ਦਰਜ ਕੀਤੀਆਂ ਗਈਆਂ ।



ਇਸ ਵਾਰ ਹੀਟ ਵੇਵ ਜ਼ੋਨ ਤੱਕ ਹੀ ਸੀਮਤ ਨਹੀਂ ਰਹੇਗੀ ਲੂ

ਦੱਖਣੀ ਪ੍ਰਾਇਦੀਪ ਅਤੇ ਦੱਖਣੀ-ਪੂਰਬੀ ਤੱਟਵਰਤੀ ਖੇਤਰ ਸਭ ਤੋਂ ਵੱਧ ਪ੍ਰਭਾਵਿਤ

ਦੇਸ਼ ਵਿਚ ਇਸ ਵਾਰ ਲੂ ਦਾ ਕਹਿਰ ਸਿਰਫ ਉਨ੍ਹਾਂ ਇਲਾਕਿਆਂ ਤੱਕ ਹੀ ਸੀਮਤ ਨਹੀਂ ਰਹੇਗਾ, ਜਿਨ੍ਹਾਂ ਨੂੰ ਰਵਾਇਤੀ ਤੌਰ 'ਤੇ ਹੀਟ ਵੇਵ ਜ਼ੋਨ ਵਜੋਂ ਜਾਣਿਆ ਜਾਂਦਾ ਹੈ । ਕੁਝ ਨਵੇਂ ਖੇਤਰਾਂ ਨੂੰ ਵੀ ਇਸ ਦਾ ਕਹਿਰ ਝੱਲਣਾ ਪੈ ਸਕਦਾ ਹੈ । ਭਾਰਤ ਮੌਸਮ ਵਿਭਾਗ (ਆਈ. ਐਮ. ਡੀ.) ਮੁਤਾਬਕ, ਇਸ ਵਾਰ ਅਸਾਧਾਰਨ ਤੌਰ 'ਤੇ ਗਰਮ ਰਹੇ ਅਪ੍ਰੈਲ ਦੇ ਮਹੀਨੇ ਨੇ ਇਸ ਦੇ ਸੰਕੇਤ ਦਿੱਤੇ ਹਨ । ਅਪ੍ਰੈਲ ਦੇ 26 ਦਿਨਾਂ 'ਚ, ਭਾਰਤ 'ਚ ਕਿਤੇ ਨਾ ਕਿਤੇ ਛੋਟੇ ਖੇਤਰ ਜਾਂ ਬਹੁਤ ਵੱਡੇ ਭੂਗੋਲਿਕ ਖੇਤਰਾਂ 'ਚ ਲੂ ਦੀ ਸਥਿਤੀ ਰਹੀ ਹੈ । ਪ੍ਰਿਥਵੀ ਵਿਗਿਆਨ ਮੰਤਰਾਲਾ ਦੇ ਸਾਬਕਾ ਸਕੱਤਰ ਐੱਮ ਰਾਜੀਵਨ ਨੇ ਕਿਹਾ, ''ਜਲਵਾਯੂ ਤਬਦੀਲੀ 'ਤੇ ਅੰਤਰ-ਸਰਕਾਰੀ ਪੈਨਲ (ਆਈ. ਪੀ. ਸੀ. ਸੀ.) ਦੀਆਂ ਰਿਪੋਰਟਾਂ ਅਤੇ ਮੌਸਮ ਮਾਡਲ ਦੇ ਵਿਸ਼ਲੇਸ਼ਣ ਤੋਂ ਸਪੱਸ਼ਟ ਤੌਰ 'ਤੇ ਸੰਕੇਤ ਮਿਲਦਾ ਹੈ ਕਿ ਭਾਰਤ 'ਚ ਲੂ ਹੁਣ ਸਿਰਫ ਉਨ੍ਹਾਂ ਖੇਤਰਾਂ ਤੱਕ ਹੀ ਸੀਮਿਤ ਨਹੀਂ ਰਹੇਗੀ, ਜਿਨ੍ਹਾਂ ਨੂੰ ਰਵਾਇਤੀ ਤੌਰ 'ਤੇ ਹੀਟ ਵੇਵ ਜ਼ੋਨ ਵਜੋਂ ਜਾਣਿਆ ਜਾਂਦਾ ਹੈ । ਨਵੇਂ ਖੇਤਰ, ਖਾਸ ਕਰ ਕੇ ਦੱਖਣੀ ਪ੍ਰਾਇਦੀਪ ਭਾਰਤ ਪਹਿਲਾਂ ਤੋਂ ਹੀ ਲੂ ਦਾ ਸਾਹਮਣਾ ਕਰ ਰਹੇ ਹਨ । ਹਾਲਾਂਕਿ, ਦੱਖਣੀ ਪ੍ਰਾਇਦੀਪ ਅਤੇ ਦੱਖਣ-ਪੂਰਬੀ ਤੱਟਵਰਤੀ ਖੇਤਰ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ । ਆਈ. ਐੱਮ. ਡੀ. ਲੂ ਦਾ ਐਲਾਨ ਉਦੋਂ ਕਰਦਾ ਹੈ, ਜਦੋਂ ਮੈਦਾਨੀ ਖੇਤਰਾਂ 'ਚ ਘੱਟੋ-ਘੱਟ ਦੋ ਸਥਾਨਾਂ 'ਤੇ ਦਰਜ ਕੀਤਾ ਗਿਆ ਵੱਧ ਤੋਂ ਵੱਧ ਤਾਪਮਾਨ 40 ਡਿਗਰੀ ਸੈਲਸੀਅਸ ਨੂੰ ਛੂਹ ਲੈਂਦਾ ਹੈ ਜਾਂ ਆਮ ਨਾਲੋਂ 4.5 ਡਿਗਰੀ ਸੈਲਸੀਅਸ ਵੱਧ ਜੋ ਜਾਂਦਾ ਹੈ । ਪਹਾੜੀ ਅਤੇ ਤੱਟਵਰਤੀ ਖੇਤਰਾਂ 'ਚ ਤਾਪਮਾਨ ਕ੍ਰਮਵਾਰ 30 ਡਿਗਰੀ ਅਤੇ 37 ਡਿਗਰੀ ਸੈਲਸੀਅਸ ਨੂੰ ਪਾਰ ਕਰਨ 'ਤੇ ਲੂ ਦਾ ਐਲਾਨ ਕੀਤਾ ਜਾਂਦਾ ਹੈ । ਜੇ ਤਾਪਮਾਨ 'ਚ ਗਿਰਾਵਟ ਆਮ ਨਾਲੋਂ 6 ਡਿਗਰੀ ਸੈਲਸੀਅਸ ਤੋਂ ਵੱਧ ਜਾਂਦੀ ਹੈ, ਤਾਂ ਭਿਆਨਕ ਲੂ ਦਾ ਐਲਾਨ ਕੀਤਾ ਜਾਂਦਾ ਹੈ ।



ਇਸ ਸਾਲ ਦੱਖਣ-ਪੱਛਮੀ ਮਾਨਸੂਨ ਸੀਜ਼ਨ ਦੌਰਾਨ ਦੱਖਣੀ ਏਸ਼ੀਆ ਦੇ ਜ਼ਿਆਦਾਤਰ ਹਿੱਸਿਆਂ 'ਚ ਆਮ ਨਾਲੋਂ ਵੱਧ ਮੀਂਹ ਪੈਣ ਦਾ ਅਗਾਊਂ ਅੰਦਾਜ਼ਾ ਹੈ । ਸਾਊਥ ਏਸ਼ੀਅਨ ਕਲਾਈਮੇਟ ਆਊਟਲੁਕ ਫੋਰਮ (ਐੱਸ.ਏ. ਓ. ਐੱਫ) ਨੇ ਇਹ ਜਾਣਕਾਰੀ ਦਿੱਤੀ । ਇਹ ਅਗਾਊਂ ਅੰਦਾਜ਼ਾ ਅਗਸਤ-ਸਤੰਬਰ ਤੱਕ ਅਨੁਕੂਲ ਲਾ ਨੀਨਾ ਹਾਲਾਤ ਕਾਰਨ ਭਾਰਤ 'ਚ ਮੌਨਸੂਨ ਸੀਜ਼ਨ 'ਚ ਆਮ ਨਾਲੋਂ ਵੱਧ ਮੀਂਹ ਦੀ ਭਵਿੱਖਬਾਣੀ ਦੇ ਅਨੁਸਾਰ ਹੈ । ਐੱਸ.ਏ. ਐੱਸ. ਸੀ. ਓ. ਐੱਫ ਨੇ ਕਿਹਾ, ''2024 ਦੇ ਦੱਖਣ-ਪੱਛਮੀ ਮਾਨਸੂਨ (ਜੂਨ-ਸਤੰਬਰ) ਸੀਜ਼ਨ 'ਚ ਦੱਖਣੀ ਏਸ਼ੀਆ ਦੇ ਉੱਤਰ, ਪੂਰਬੀ ਅਤੇ ਉੱਤਰ-ਪੂਰਬੀ ਹਿੱਸਿਆਂ ਦੇ ਕੁਝ ਖੇਤਰਾਂ ਨੂੰ ਛੱਡ ਕੇ, ਦੱਖਣੀ ਏਸ਼ੀਆ ਦੇ ਜ਼ਿਆਦਾਤਰ ਹਿੱਸਿਆਂ 'ਚ ਆਮ ਨਾਲੋਂ ਵੱਧ ਮੀਂਹ ਪੈਣ ਦੀ ਸੰਭਾਵਨਾ ਹੈ ।''

ਪੀ.ਏ.ਯੂ. ਦੇ ਸਾਬਕਾ ਵਾਈਸ ਚਾਂਸਲਰ ਡਾ. ਮਨਜੀਤ ਸਿੰਘ ਕੰਗ ਦਾ ਦਿਹਾਂਤ



ਪੀ. ਏ. ਯੂ. ਦੇ ਸਾਬਕਾ ਵਾਈਸ ਚਾਂਸਲਰ ਅਤੇ ਪ੍ਰਸਿੱਧ ਜੈਨੇਟਿਕ ਵਿਗਿਆਨੀ ਡਾ. ਮਨਜੀਤ ਸਿੰਘ ਕੰਗ 2 ਮਈ ਨੂੰ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ । ਉਹ ਅਮਰੀਕਾ ਦੇ ਇਲੀਨੋਏ ਰਾਜ ਦੇ ਕਾਰਬੋਨਡੇਲ ਵਿਚ ਰਹਿ ਰਹੇ ਹਨ । ਡਾ. ਕੰਗ ਨੇ 30 ਅਪ੍ਰੈਲ, 2007 ਤੋਂ 30 ਅਪ੍ਰੈਲ, 2011 ਤੱਕ ਪੀ. ਏ. ਯੂ. ਦੇ ਵਾਈਸ ਚਾਂਸਲਰ ਵਜੋਂ ਸੇਵਾਵਾਂ ਨਿਭਾਈਆਂ । ਪੀ. ਏ. ਯੂ. ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਡਾ. ਕੰਗ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆ ਕਿਹਾ ਕਿ ਇੱਕ ਸ਼ਾਨਦਾਰ ਖੇਤੀ ਵਿਗਿਆਨੀ, ਉੱਘੇ ਪ੍ਰਸ਼ਾਸਕ ਅਤੇ ਬਿਹਤਰੀਨ ਮਨੁੱਖ ਦਾ ਸਦੀਵੀ ਵਿਛੋੜਾ ਨਾ ਪੂਰਾ ਹੋਣ ਵਾਲਾ ਘਾਟਾ ਹੈ । ਡਾ. ਕੰਗ ਨੂੰ 2018 ਵਿਚ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦਾ ਮਾਣ ਪੁਰਸਕਾਰ ਨਾਲ ਸਨਮਾਨਿਤ ਕੀਤਾ ਸੀ । ਇਸ ਦੇ ਨਾਲ ਹੀ ਨਵੰਬਰ 2019 ਵਿਚ 'ਸ੍ਰੀ ਗੁਰੂ ਨਾਨਕ ਦੇਵ ਜੀ ਅਚੀਵਰਜ਼ ਐਵਾਰਡ' ਨਾਲ ਨਿਵਾਜਿਆ ਸੀ ।







ਰੁਜ਼ਗਾਰ ਅਤੇ ਆਰਥਿਕਤਾ ਨੂੰ ਹਲੂਣਾ ਦਿੰਦੇ ਹਨ

ਖੇਤੀ ਸਹਾਇਕ ਧੰਦੇ

ਅਜੀਤਪਾਲ ਧਾਲੀਵਾਲ, ਪਲਵਿੰਦਰ ਸਿੰਘ, ਸਰਵਪ੍ਰਿਆ ਸਿੰਘ, ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ

ਖੇਤੀਬਾੜੀ ਅਤੇ ਖੇਤੀਬਾੜੀ ਨਾਲ ਸੰਬੰਧਿਤ ਬਹੁਤ ਸਾਰੇ ਕਿੱਤੇ ਹਨ ਜੋ ਕਿ ਸਹਾਇਕ ਧੰਦਿਆਂ ਦੀ ਸ਼੍ਰੇਣੀ ਵਿਚ ਆਉਂਦੇ ਹਨ । ਇਹਨਾਂ ਵਿੱਚੋਂ ਪ੍ਰਮੁੱਖ ਹਨ - ਡੇਅਰੀ ਫਾਰਮਿੰਗ, ਪੋਲਟਰੀ ਫਾਰਮਿੰਗ, ਸ਼ਹਿਦ ਮੱਖੀ ਪਾਲਣ, ਖੁੰਭਾਂ ਦੀ ਕਾਸ਼ਤ, ਬਾਗਬਾਨੀ, ਸਬਜ਼ੀ ਉਤਪਾਦਨ, ਬੱਕਰੀ ਪਾਲਣ, ਸੂਰ ਪਾਲਣ, ਨਰਸਰੀ ਉਤਪਾਦਨ, ਪੌਲੀ ਹਾਊਸ, ਨੈਟ ਹਾਊਸ, ਬੀਜ ਉਤਪਾਦਨ, ਸਿਲਾਈ ਕਢਾਈ, ਕੱਪੜੇ ਰੰਗਣਾ, ਆਚਾਰ ਮੁਰੱਬੇ, ਚੱਟਨੀਆਂ ਬਣਾਉਣਾ, ਫੁੱਲਾਂ ਦੀ ਕਾਸ਼ਤ, ਘਰੇਲੂ ਬਗੀਚੀ, ਪੌਸ਼ਟਿਕ ਆਹਾਰ, ਘਰੇਲੂ ਪ੍ਰੋਸੈਸਿੰਗ ਅਤੇ ਪੈਦਾਵਾਰਾਂ ਦਾ ਕੀਮਤ ਵਾਧਾ ਆਦਿ ਪ੍ਰਮੁੱਖ ਵਿਸ਼ੇ ਹਨ ਜੋ ਸਾਡੇ ਵੀਰਾਂ ਅਤੇ ਭੈਣਾਂ ਦੀ ਆਮਦਨ ਵਾਧੇ ਵਿਚ ਸਹਾਈ ਸਿੱਧ ਹੁੰਦੇ ਹਨ ।

ਭਾਰਤ ਇਕ ਖੇਤੀ ਪ੍ਰਧਾਨ ਦੇਸ਼ ਹੈ । ਦੇਸ਼ ਦੀ ਜ਼ਿਆਦਾਤਰ ਆਬਾਦੀ ਅਜੇ ਵੀ ਖੇਤੀਬਾੜੀ ਤੇ ਹੀ ਨਿਰਭਰ ਹੈ ।

ਪੀੜ੍ਹੀਆਂ ਤੋਂ ਪੰਜਾਬ ਦੇ ਉਪਜਾਊ ਮੈਦਾਨਾਂ ਵਿਚ ਹੁੰਦੀ ਖੇਤੀਬਾੜੀ ਕਿਸਾਨਾਂ ਨੂੰ ਖੁਸ਼ਹਾਲੀ ਦਿੱਤੀ । ਪਰ ਸਮੇਂ ਦੇ ਨਾਲ ਖੇਤੀ ਜੋਤਾਂ ਦਾ ਸੁੰਗੜਨਾ, ਖੇਤੀ ਲਾਗਤਾਂ ਵਿਚ ਵਧਣਾ, ਅਣਸੁਖਾਵੇਂ ਮੌਸਮ ਦੀਆਂ ਮਾਰਾਂ ਇਸ ਗੱਲ ਦਾ ਸੰਕੇਤ ਦਿੰਦੀਆਂ ਹਨ ਕਿ ਛੋਟੇ ਅਤੇ ਦਰਮਿਆਨੇ ਕਿਸਾਨਾਂ ਲਈ ਸਿਰਫ ਖੇਤੀਬਾੜੀ ਦੀ ਆਮਦਨ ਉੱਤੇ ਨਿਰਭਰ ਕਰਨਾ ਬਹੁਤ ਮੁਸ਼ਕਿਲ ਹੈ । ਇਸ ਲਈ ਸਮੇਂ ਦੀ ਇਹ ਮੰਗ ਹੈ ਕਿ ਅਸੀਂ ਕੁਝ ਅਜਿਹਾ ਕਰੀਏ ਜਿਸ ਨਾਲ ਸਾਡੀ ਆਮਦਨ ਵਿਚ ਵਾਧਾ ਹੋਵੇ । ਬੇਰੁਜ਼ਗਾਰੀ ਦਰ ਵਿਚ ਲਗਾਤਾਰ ਵਾਧਾ ਵੀ ਇਸ ਤਰ੍ਹਾਂ ਦੇ ਸੰਕੇਤ ਦਿੰਦਾ ਹੈ । ਸਾਨੂੰ ਛੋਟੀ-ਮੋਟੀ ਨੌਕਰੀ ਵੱਲ ਭੱਜਣ ਦੀ ਬਜਾਏ ਕੋਈ ਹੋਰ ਵਿਉਂਤਬੰਦੀ ਕਰਨੀ ਪਵੇਗੀ ਤਾਂ ਜੋ ਬੇਰੁਜ਼ਗਾਰੀ ਦੀ ਮਾਰ ਤੋਂ ਬਚਿਆ ਜਾ ਸਕੇ । ਸਾਡੇ ਪ੍ਰਾਂਤ ਪੰਜਾਬ ਵਿਚ ਭਾਵੇਂ ਖੇਤੀਬਾੜੀ ਵਿਚ ਬਹੁਤ ਚੋਖਾ ਵਾਧਾ ਹੋਇਆ ਹੈ ਜਿਸ ਨਾਲ ਸਾਡੀਆਂ ਫਸਲਾਂ ਦਾ ਉਤਪਾਦਨ ਬਹੁਤ ਵਧਾਇਆ ਹੈ । ਪਰ ਇੱਥੇ ਵੀ ਹੁਣ ਅਸੀਂ ਸੋਚਣ ਲਈ ਮਜ਼ਬੂਰ ਹਾਂ ਕਿ ਕਿਸ ਤਰ੍ਹਾਂ ਰੋਜ਼ਮਰਾ ਦੇ ਖਰਚੇ ਘੱਟ ਕੀਤੇ ਜਾਣ ਅਤੇ ਆਮਦਨ ਦਾ ਵਾਧਾ ਕੀਤਾ ਜਾਵੇ । ਇਹਨਾਂ ਸਾਰੀਆਂ ਵਿਚਾਰਾਂ ਵਿਚੋਂ ਇਕ ਹੀ ਗੱਲ ਸਮੇਂ ਦਾ ਹਾਣੀ ਬਣ ਕੇ ਸਾਹਮਣੇ ਆਉਂਦੀ ਹੈ ਕਿ ਅਸੀਂ ਖੇਤੀ ਦੇ ਨਾਲ ਕੋਈ ਸਹਾਇਕ ਕਿੱਤਾ ਅਪਣਾਈਏ । ਖੇਤੀਬਾੜੀ ਅਤੇ ਖੇਤੀਬਾੜੀ ਨਾਲ ਸੰਬੰਧਿਤ ਬਹੁਤ ਸਾਰੇ ਕਿੱਤੇ ਹਨ ਜੋ ਕਿ ਸਹਾਇਕ ਧੰਦਿਆਂ ਦੀ ਸ਼੍ਰੇਣੀ ਵਿਚ ਆਉਂਦੇ ਹਨ । ਇਹਨਾਂ ਵਿੱਚੋਂ ਪ੍ਰਮੁੱਖ ਹਨ - ਡੇਅਰੀ ਫਾਰਮਿੰਗ, ਪੋਲਟਰੀ ਫਾਰਮਿੰਗ, ਸ਼ਹਿਦ ਮੱਖੀ ਪਾਲਣ, ਖੁੰਭਾਂ ਦੀ ਕਾਸ਼ਤ, ਬਾਗਬਾਨੀ, ਸਬਜ਼ੀ ਉਤਪਾਦਨ, ਬੱਕਰੀ ਪਾਲਣ, ਸੂਰ ਪਾਲਣ, ਨਰਸਰੀ ਉਤਪਾਦਨ, ਪੌਲੀ ਹਾਊਸ, ਨੈਟ ਹਾਊਸ, ਬੀਜ ਉਤਪਾਦਨ, ਸਿਲਾਈ ਕਢਾਈ, ਕੱਪੜੇ ਰੰਗਣਾ, ਆਚਾਰ ਮੁਰੱਬੇ, ਚੱਟਨੀਆਂ ਬਣਾਉਣਾ, ਫੁੱਲਾਂ ਦੀ ਕਾਸ਼ਤ, ਘਰੇਲੂ ਬਗੀਚੀ, ਪੌਸ਼ਟਿਕ ਆਹਾਰ, ਘਰੇਲੂ ਪ੍ਰੋਸੈਸਿੰਗ ਅਤੇ ਪੈਦਾਵਾਰਾਂ ਦਾ ਕੀਮਤ ਵਾਧਾ ਆਦਿ ਪ੍ਰਮੁੱਖ ਵਿਸ਼ੇ ਹਨ ਜੋ ਸਾਡੇ ਵੀਰਾਂ ਅਤੇ ਭੈਣਾਂ ਦੀ ਆਮਦਨ ਵਾਧੇ ਵਿਚ ਸਹਾਈ ਸਿੱਧ ਹੁੰਦੇ ਹਨ । ਇਹ ਬੇਰੁਜ਼ਗਾਰੀ ਉੱਪਰ ਨਕੇਲ ਕੱਸਣ ਦਾ ਵਧੀਆ ਅਤੇ ਸਾਰਥਕ ਉਪਰਾਲਾ ਹੈ । ਸਾਡੀਆਂ ਸਰਕਾਰਾ ਵੱਲੋਂ ਦੀ ਸਮੇਂ ਸਮੇਂ ਸਿਰ ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ । ਕ੍ਰਿਸ਼ੀ ਵਿਗਿਆਨ ਕੇਂਦਰ (ਕੇ.ਵੀ.ਕੇ.) ਇਸ ਕੰਮ ਨੂੰ ਸਿਰੇ ਲਾਉਣ ਲਈ ਹਰ ਵਕਤ ਤਤਪਰ ਰਹਿੰਦੇ ਹਨ । ਇਹਨਾਂ ਧੰਦਿਆਂ ਦੀ ਸ਼ੁਰੂਆਤ ਲਈ ਕਿੱਤਾ ਮੁੱਖੀ ਸਿਖਲਾਈ ਕੋਰਸ ਜੋ ਕੇ ਸੱਤ-ਦਸ (7-10) ਦਿਨ ਦੀ ਅਵਧੀ ਦੇ ਹੁੰਦੇ ਹਨ, ਅਤੇ ਕੇ. ਵੀ.ਕੇ. ਵਿਚ ਆਯੋਜਿਤ ਕੀਤੇ ਜਾਂਦੇ ਹਨ । ਅੱਜੇਕੇ ਸਮੇਂ ਦੀ ਲੋੜ ਹੈ ਕਿ ਆਪਾਂ ਹੰਭਲਾ ਮਾਰੀਏ ਅਤੇ ਇਹਨਾਂ ਧੰਦਿਆਂ ਦੀ ਸਿਖਲਾਈ ਪ੍ਰਾਪਤ ਕਰੀਏ । ਇਹ ਉਪਰਾਲਾ ਖੇਤੀ ਸਹਾਇਕ ਧੰਦਿਆਂ ਨਾਲ ਜੋੜਨ ਵਿਚ ਸਾਰਥਿਕ ਸਿੱਧ ਹੋਵੇਗਾ ।




ਪੰਜਾਬ ਵਿਚ ਸਹਾਇਕ ਕਿੱਤੇ ਆਰਥਿਕਤਾ ਨੂੰ ਹਲੂਣਾ ਦੇਣ ਲਈ ਬਹੁਤ ਮਹੱਤਤਾਪੂਰਨ ਹਨ ਅਤੇ ਸਮੇਂ ਦੀ ਮੁੱਖ ਲੋੜ ਹਨ । ਇਹ ਖੇਤੀ ਦੇ ਨਾਲ ਨਾਲ ਇਕ ਵਾਧੂ ਆਮਦਨ ਦਾ ਜ਼ਰੀਆ ਹਨ । ਖਾਸ ਤੌਰ ਤੇ ਛੋਟੇ ਅਤੇ ਸੀਮਾਂਤ ਕਿਸਾਨਾਂ ਲਈ ਇਹ ਕਿਸੇ ਵਰਦਾਨ ਤੋਂ ਘੱਟ ਨਹੀਂ ਹਨ । ਅਧਿਐਨਾਂ ਨੇ ਦਿਖਾਇਆ ਹੈ ਕਿ ਸਹਾਇਕ ਕਿੱਤਿਆਂ ਵਾਲੇ ਪਰਿਵਾਰਾਂ ਦੀ ਆਮਦਨ ਵੱਧ ਹੁੰਦੀ ਹੈ ਅਤੇ ਉਹ ਆਰਥਿਕ ਝਟਕਿਆਂ ਦਾ ਸਾਹਮਣਾ ਕਰਨ ਲਈ ਬਿਹਤਰ ਢੰਗ ਨਾਲ ਤਿਆਰ ਹੁੰਦੇ ਹਨ ।

ਸਿਰਫ ਵਿੱਤੀ ਲਾਭਾਂ ਤੋਂ ਇਲਾਵਾ ਵੀ ਸਹਾਇਕ ਕਿੱਤਿਆਂ ਦੇ ਬਹੁਤ ਲਾਭ ਹਨ । ਇਹ ਖੇਤੀਬਾੜੀ ਵਿਚ ਵਿਭਿੰਨਤਾ ਲਿਆਉਂਦੇ ਹਨ । ਸਹਾਇਕ ਕਿੱਤਿਆਂ ਨੂੰ ਅਪਣਾਉਣਾ ਕਿਸਾਨਾਂ ਨੂੰ ਹੋਰ ਹੁਨਰਮੰਦ, ਗਿਆਨਵਾਨ ਅਤੇ ਉੱਦਮੀ ਬਣਾਉਂਦਾ ਹੈ ।

ਉਮੀਦ ਹੈ ਕਿ ਸਾਡੇ ਕਿਸਾਨ ਵੀਰਾਂ ਅਤੇ ਭੈਣਾਂ ਇਸ ਲੇਖ ਤੋਂ ਪ੍ਰਭਾਵਿਤ ਹੋ ਕੇ ਕੋਈ ਨਾ ਕੋਈ ਧੰਦਾ ਕਰਨ ਲਈ ਪ੍ਰੇਰਿਤ ਹੋਣਗੇ । ਇਸ ਪ੍ਰੇਰਨਾ ਦੀ ਅਗਲੀ ਪੌੜੀ ਸਿਖਲਾਈ ਅਤੇ ਫਿਰ ਵੱਡੇ ਪੱਧਰ ਤੇ ਲਿਜਾਇਆ ਜਾਵੇ । ਇਸ ਦੀ ਆਖਰੀ ਪੌੜੀ ਕਮਰਸ਼ੀਅਲ ਅਤੇ ਹਾਈ ਟੈੱਡ ਯੂਨਿਟ ਹਨ । ਜੋ ਕਿ ਚੋਖੀ ਕਮਾਈ ਪੈਦਾ ਕਰਨ ਦੇ ਯੋਗ ਹਨ ।

ਮਾੜੇ ਪਾਣੀ ਦੀ ਸਿੰਚਾਈ ਲਈ ਯੋਗ ਵਰਤੋਂ ਕਿਵੇਂ ਕਰੀਏ

ਗਗਨਦੀਪ ਧਵਨ, ਮਨਦੀਪ ਸਿੰਘ ਅਤੇ ਹਰਿੰਦਰ ਸਿੰਘ,
ਕ੍ਰਿਸ਼ੀ ਵਿਗਿਆਨ ਕੇਂਦਰ, ਕਪੂਰਥਲਾ (ਮੋ. 97800-90300)

ਪੰਜਾਬ ਦਾ ਕੁੱਲ ਸੇਂਜੂ ਖੇਤਰ 4046 ਹਜ਼ਾਰ ਹੈਕਟੇਅਰ ਹੈ ਜਿਸ ਵਿੱਚੋਂ 1144 ਹਜ਼ਾਰ ਹੈਕਟੇਅਰ ਨੂੰ ਨਹਿਰੀ ਅਤੇ 2902 ਹਜ਼ਾਰ ਹੈਕਟੇਅਰ ਨੂੰ ਟਿਊਬਵੈਲ ਦਾ ਪਾਣੀ ਖੇਤੀ ਲਈ ਵਰਤਿਆ ਜਾਂਦਾ ਹੈ । ਟਿਊਬਵੈੱਲਾਂ ਰਾਹੀਂ ਪ੍ਰਾਪਤ ਕੀਤੇ ਜਾਣ ਵਾਲੇ ਲਗਭਗ 42% ਪਾਣੀ ਮਾੜੇ ਹਨ । ਮਾੜੇ ਪਾਣੀ ਮੁੱਖ ਤੌਰ ਤੇ ਦੋ ਕਿਸਮਾਂ ਦੇ ਹੁੰਦੇ ਹਨ । ਪਹਿਲੀ ਕਿਸਮ ਨੂੰ ਲੂਣੇ (ਸੋਡੀਅਮ ਦੇ ਕਲੋਰਾਈਡ ਅਤੇ ਸਲਫੇਟ ਵਾਲੇ) ਪਾਣੀ ਤੇ ਦੂਜੀ ਕਿਸਮ ਨੂੰ ਖਾਰੇ (ਸੋਡੀਅਮ ਦੇ ਕਾਰਬੋਨੇਟ ਅਤੇ ਬਾਈਕਾਰਬੋਨੇਟਸ ਵਾਲੇ) ਪਾਣੀ ਕਿਹਾ ਜਾਂਦਾ ਹੈ । ਪੰਜਾਬ ਵਿਚ, ਸਮੱਸਿਆ ਮੁੱਖ ਤੌਰ 'ਤੇ ਖਾਰੇ ਪਾਣੀ (ਬਾਕੀ ਸੋਡੀਅਮ ਕਾਰਬੋਨੇਟਸ ਜਾਂ ਆਰ ਐਸ ਸੀ) ਕਾਰਨ ਹੈ । ਜ਼ਮੀਨੀ ਪਾਣੀ ਅਤੇ ਇਹਨਾਂ ਦੀ ਸੁਰੱਖਿਅਤ ਵਰਤੋਂ ਲਈ ਹੇਠਾਂ ਦਿੱਤੇ ਨੁਕਤਿਆਂ ਦੀ ਸਿਫਾਰਸ਼ ਕੀਤੀ ਜਾਂਦੀ ਹੈ ।



★ **ਚੁੱਕਵੀਂ ਨਿਕਾਸੀ ਨੂੰ ਯਕੀਨੀ ਬਣਾਓ** : ਚੰਗੇ ਜਲ ਨਿਕਾਸ ਵਾਲੀਆਂ ਜ਼ਮੀਨਾਂ ਦੇ ਮੁਕਾਬਲੇ ਮਾੜੇ ਜਲ ਨਿਕਾਸ ਵਾਲੀਆਂ ਅਤੇ ਹੇਠਾਂ ਸਖਤ ਤਹਿ ਵਾਲੀਆਂ ਜ਼ਮੀਨਾਂ ਵਿਚ ਮਾੜੇ ਪਾਣੀ ਦੀ ਲਗਾਤਾਰ ਵਰਤੋਂ ਨਾਲ ਜ਼ਮੀਨ ਵਿਚ ਲੂਣ ਦਾ ਨਿਰਮਾਣ ਬਹੁਤ ਤੇਜ਼ੀ ਨਾਲ ਹੁੰਦਾ ਹੈ । ਇਸ ਲਈ ਜਦੋਂ ਸਿੰਚਾਈ ਲਈ ਮਾੜੇ ਪਾਣੀ ਦੀ ਵਰਤੋਂ ਕਰਨੀ ਹੋਵੇ ਤਾਂ ਉੱਚਿਤ ਜਲ ਨਿਕਾਸੀ ਨੂੰ ਯਕੀਨੀ ਬਣਾਓ ।

★ **ਹਲਕੀਆਂ/ਰੇਤਲੀਆਂ ਜ਼ਮੀਨਾਂ ਤੇ ਮਾੜੀ ਗੁਣਵੱਤਾ ਵਾਲੇ ਪਾਣੀ ਦੀ ਵਰਤੋਂ ਕਰੋ** : ਹਲਕੀਆਂ/ਰੇਤਲੀਆਂ ਜ਼ਮੀਨਾਂ ਵਿੱਚ ਸਿੰਚਾਈ ਰਾਹੀਂ ਲੂਣ ਜੀਰਨ ਦੀ ਦਰ ਭਾਰੀਆਂ ਜ਼ਮੀਨਾਂ ਦੇ ਮੁਕਾਬਲੇ ਵੱਧ ਹੁੰਦੀ ਹੈ । ਪਾਣੀ ਸਤਹਿ ਤੇ ਜ਼ਿਆਦਾ ਦੇਰ ਖੜ੍ਹਨ ਨਾਲ ਭਾਰੀਆਂ ਜ਼ਮੀਨਾਂ ਵਿਚ ਵਾਸ਼ਪੀਕਰਨ ਤੋਂ ਬਾਅਦ ਲੂਣਾਪਨ / ਖਾਰਾਪਣ ਤੇਜ਼ ਦਰ ਨਾਲ ਬਣਦਾ ਹੈ । ਇਸ ਲਈ, ਮਾੜੇ ਪਾਣੀ ਦੀ ਵਰਤੋਂ ਨੂੰ ਹਲਕੀਆਂ/ਰੇਤਲੀਆਂ ਜ਼ਮੀਨਾਂ ਤੇ ਤਰਜੀਹ ਦੇਣੀ ਚਾਹੀਦੀ ਹੈ ।

★ **ਫਸਲਾਂ ਦੀ ਸਹੀ ਚੋਣ ਕਰੋ** : ਜੌਂ, ਕਣਕ, ਸਰ੍ਹੋਂ, ਗੁਆਰਾ, ਸੇਂਜੀ, ਪਾਲਕ, ਸ਼ਲਗਮ, ਚਕੰਦਰ, ਰਾਇਆ ਅਤੇ ਬਾਜਰੇ ਵਰਗੀ ਨਮਕ ਸਹਿਣਸ਼ੀਲ ਅਤੇ ਅਰਧ-ਸਹਿਣਸ਼ੀਲ ਫਸਲਾਂ ਨੂੰ ਤਰਜੀਹ ਦਿਓ । ਦਾਲਾਂ ਅਤੇ ਜ਼ਿਆਦਾ ਪਾਣੀ ਲੋੜੀਂਦੀਆਂ (ਝੋਨਾ, ਕਮਾਦ ਅਤੇ ਬਰਸੀਮ) ਫਸਲਾਂ ਦੀ ਸਿੰਚਾਈ ਖਾਰੇ ਪਾਣੀ ਨਾਲ ਨਾ ਕਰੋ ।

★ **ਜਿਪਸਮ ਦੀ ਵਰਤੋਂ ਕਰੋ** : ਜਿਪਸਮ ਦੀ ਮਾਤਰਾ ਮਿੱਟੀ ਅਤੇ ਪਾਣੀ ਪਰਖ ਪ੍ਰਯੋਗਸ਼ਾਲਾ ਤੋਂ ਮਿੱਟੀ-ਪਾਣੀ ਪਰਖ (ਆਰ. ਐਸ. ਸੀ. 2.5 ਐਮ ਈ ਪ੍ਰਤੀ ਲਿਟਰ ਤੋਂ ਵੱਧ) ਕਰਵਾਉਣ ਉਪਰੰਤ ਲਈ ਜਾ ਸਕਦੀ ਹੈ । ਜਦੋਂ ਹਰ ਸਿੰਚਾਈ 7.50 ਸੈਂਟੀਮੀਟਰ ਹੋਵੇ ਤਾਂ ਜਿਪਸਮ 1.50 ਕੁਇੰਟਲ ਪ੍ਰਤੀ ਏਕੜ, ਚਾਰ ਸਿੰਚਾਈਆਂ ਪਿੱਛੇ ਬਣਦਾ ਹੈ । ਪੂਰੇ ਦਾ ਪੂਰਾ ਜਿਪਸਮ ਸਿੰਚਾਈ ਦੀ ਗਿਣਤੀ ਦੇ ਅਧਾਰ ਤੇ ਇਕ ਹੀ ਵਾਰ ਫਸਲ ਦੀ ਕਟਾਈ ਤੋਂ ਬਾਅਦ ਪਾਓ ।

★ **ਜੈਵਿਕ ਸੋਧਾਂ ਦੀ ਵਰਤੋਂ ਕਰੋ** : 2% ਤੋਂ ਵੱਧ ਕੈਲਸ਼ੀਅਮ ਕਾਰਬੋਨੇਟ ਵਾਲੀ ਜ਼ਮੀਨ ਵਿਚ, ਜੈਵਿਕ ਖਾਦਾਂ ਦੀ ਵਰਤੋਂ ਕਰੋ । ਖਾਰੇ ਪਾਣੀ ਦੇ ਹਾਨੀਕਾਰਕ ਪ੍ਰਭਾਵਾਂ ਨੂੰ ਘਟਾਉਣ ਲਈ 8 ਟਨ ਪ੍ਰਤੀ ਏਕੜ ਜਾਂ ਹਰੀ ਖਾਦ ਜਾਂ ਕਣਕ ਦੀ ਤੂੜੀ 2.5 ਟਨ ਪ੍ਰਤੀ ਏਕੜ ਹਰ ਸਾਲ ਪਾਓ ।

★ **ਨਰਮਾ ਵੱਟਾਂ ਤੇ ਬੀਜੋ** : ਨਰਮਾ ਵੱਟਾਂ ਤੇ ਬੀਜਣ ਨਾਲ ਮਾੜੇ ਸਿੰਚਾਈ ਵਾਲੇ ਪਾਣੀ ਦਾ ਅਸਰ ਘੱਟ ਕੀਤਾ ਜਾ ਸਕਦਾ ਹੈ । ਵੱਟਾਂ ਤੇ ਬੀਜੇ ਨਰਮੇ ਨੂੰ ਨਹਿਰੀ ਪਾਣੀ ਦੀ ਰੌਣੀ ਤੋਂ ਬਾਅਦ ਵਿਚ ਮਾੜੇ ਪਾਣੀ ਨੂੰ ਇਕ ਖੇਲ ਛੱਡ ਕੇ ਲਾਓ । ਇਸ ਤਰ੍ਹਾਂ ਨਰਮੇ ਦਾ ਝਾੜ ਵਧਦਾ ਹੈ ਅਤੇ ਪਾਣੀ ਦੀ ਬੱਚਤ ਹੋਣ ਦੇ ਨਾਲ-ਨਾਲ ਜ਼ਮੀਨ ਦੀ ਸਿਹਤ ਠੀਕ ਰਹਿੰਦੀ ਹੈ ।

★ **ਨਰਮੇ ਦੀ ਸਿੰਚਾਈ ਲਈ ਖਾਰੇ ਪਾਣੀ ਦੀ ਵਰਤੋਂ** : ਹਲਕੀਆਂ ਜ਼ਮੀਨਾਂ ਵਿਚ ਨਹਿਰੀ ਅਤੇ ਲੂਣੇ ਪਾਣੀ ਨੂੰ ਤੁਪਕਾ ਸਿੰਚਾਈ ਪ੍ਰਣਾਲੀ ਰਾਹੀਂ ਅਦਲ ਬਦਲ ਕੇ ਵਰਤੋਂ ।

ਨੋਟ :

1. ਚਿੱਟੇ ਕੱਲਰ (ਲੂਣਾ) ਵਾਲੀ ਜ਼ਮੀਨ ਅਤੇ ਪਾਣੀ ਦੇ ਸੁਧਾਰ ਲਈ ਜਿਪਸਮ ਨਾ ਵਰਤੋ ।
2. ਜਿਸ ਜ਼ਮੀਨ ਤੇ ਮਾੜਾ ਪਾਣੀ ਲਗਾਤਾਰ ਲੱਗ ਰਿਹਾ ਹੋਵੇ, ਕਿਸਾਨ ਵੀਰ ਉਸ ਜ਼ਮੀਨ ਦੀ ਮਿੱਟੀ ਲਗਾਤਾਰ ਪਰਖ ਕਰਵਾਉਣ ਤਾਂ ਜੋ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਬਰਕਰਾਰ ਰੱਖਿਆ ਜਾ ਸਕੇ ।

ਨਰਮੇ ਦਾ ਝਾੜ ਵਧਾਉਣ ਲਈ ਪਾਣੀ ਅਤੇ ਖਾਦਾਂ ਦੀ ਸਹੀ ਵਰਤੋਂ

ਸੁਖਵਿੰਦਰ ਸਿੰਘ ਅਤੇ
ਕੇ. ਐਸ. ਸੇਖੋਂ,
ਖੇਤਰੀ ਖੋਜ ਕੇਂਦਰ, ਬਠਿੰਡਾ
ਮੋ. 99157-80505



ਫਸਲ ਦੇ ਵਧੀਆ ਜੰਮ ਅਤੇ ਮੁੱਢਲੇ ਵਾਧੇ ਲਈ ਚੰਗੇ ਪਾਣੀ ਨਾਲ ਭਰਵੀਂ ਰੌਣੀ ਜ਼ਰੂਰੀ ਹੈ। ਬਿਜਾਈ ਹਰ ਹਾਲਤ ਵਿਚ 15 ਮਈ ਤੱਕ ਕਰ ਦਿਓ। ਇਸ ਤੋਂ ਮਗਰੋਂ ਗਰਮੀ ਵਧਣ ਕਰਕੇ ਬੀਜ ਦੇ ਜੰਮ ਤੇ ਅਸਰ ਪੈਂਦਾ ਹੈ ਅਤੇ ਨਰਮ ਬੂਟੇ ਮਰਨ ਲੱਗਦੇ ਹਨ। ਜ਼ਮੀਨ ਦੀ ਕਿਸਮ ਮੁਤਾਬਕ ਪਹਿਲਾ ਪਾਣੀ ਬਿਜਾਈ ਤੋਂ 4-6 ਹਫਤੇ ਬਾਅਦ ਲਗਾਓ। ਹਲਕੀਆਂ ਜ਼ਮੀਨਾਂ ਜਾਂ ਵੱਟਾ ਉੱਪਰ ਬੀਜੀ ਫਸਲ ਨੂੰ ਲੋੜ ਪੈਣ ਤੇ ਪਾਣੀ ਪਹਿਲਾਂ ਵੀ ਦਿੱਤਾ ਜਾ ਸਕਦਾ ਹੈ। ਨਰਮੇ ਦੀ ਵੱਟਾਂ ਤੇ ਬਿਜਾਈ ਨਾਲ ਅਤੇ ਸਿੰਚਾਈ ਖੇਲਾਂ ਵਿਚ ਕਰਨ ਨਾਲ ਪਾਣੀ ਦੀ ਕਾਫੀ ਬੱਚਤ ਕੀਤੀ ਜਾ ਸਕਦੀ ਹੈ।

ਜਿੱਥੇ ਧਰਤੀ ਹੇਠਲਾ ਪਾਣੀ ਮਾੜਾ ਹੈ ਉੱਥੇ ਨਹਿਰੀ ਪਾਣੀ ਨਾਲ ਭਰਵੀਂ ਰੌਣੀ ਕਰੋ ਅਤੇ ਨਰਮਾ ਵੱਟਾਂ ਤੇ ਬੀਜੋ। ਬਾਅਦ ਵਿਚ ਟਿਊਬਵੈੱਲ ਦਾ ਪਾਣੀ ਇੱਕ ਖੇਲ ਛੱਡ ਕੇ ਲਗਾਇਆ ਜਾ ਸਕਦਾ ਹੈ। ਜਿੱਥੇ ਨਰਮੇ ਦੀ ਸਿੰਚਾਈ ਲੂਣੇ ਪਾਣੀ (ਚਾਲਕਤਾ 10 ਡੈਸੀਸਾਇਮਨ ਪ੍ਰਤੀ ਮੀਟਰ ਤੱਕ) ਨਾਲ ਹੁੰਦੀ ਹੈ, ਉਹਨਾਂ ਜ਼ਮੀਨਾਂ ਵਿਚ 16 ਕੁਇੰਟਲ ਪ੍ਰਤੀ ਏਕੜ ਝੋਨੇ ਦੀ ਪਰਾਲੀ ਤੋਂ ਬਣੇ ਬਾਇਓਚਾਰ ਪਾਉਣ ਨਾਲ ਲੂਣੇ ਪਾਣੀ ਨੂੰ ਤੁਪਕਾ ਸਿੰਚਾਈ ਪ੍ਰਣਾਲੀ ਰਾਹੀਂ ਹਲਕੀਆਂ ਜ਼ਮੀਨਾਂ ਵਿਚ ਅਦਲ-ਬਦਲ ਕੇ ਵਰਤੋਂ ਤਾਂ ਜੋ ਨਰਮੇ ਦੀ ਚੰਗੀ ਪੈਦਾਵਾਰ ਲਈ ਜਾ ਸਕੇ ਅਤੇ ਮਿੱਟੀ ਦੀ ਸਿਹਤ ਬਣੀ ਰਹੇ। ਸ਼ੁਰੂ ਵਿਚ ਚੰਗੇ ਪਾਣੀ ਦੀ ਵਰਤੋਂ ਕਰੋ। ਵਧੀ ਹੋਈ ਫਸਲ ਤੇ ਮਾੜੇ ਪਾਣੀ ਦਾ ਅਸਰ ਘੱਟ ਹੁੰਦਾ ਹੈ।

ਨਰਮੇ ਦੇ ਭਰਪੂਰ ਵਾਧੇ ਅਤੇ ਝਾੜ ਲਈ ਖੁਰਾਕੀ ਤੱਤਾਂ ਦੀ ਸੰਤੁਲਿਤ ਵਰਤੋਂ ਲਾਜ਼ਮੀ ਹੈ। ਵਧੇਰੇ ਝਾੜ ਦੇਣ ਵਾਲੀਆਂ ਨਰਮੇ ਦੀਆਂ ਬੀ.ਟੀ. ਕਿਸਮਾਂ ਵਿਚ ਖੁਰਾਕੀ ਤੱਤਾਂ ਦੀ ਕਮੀ ਜ਼ਿਆਦਾ ਪਾਈ ਜਾਂਦੀ ਹੈ, ਕਿਉਂਕਿ ਨਰਮੇ ਵਿਚ ਪੱਤਿਆਂ ਦਾ ਵਾਧਾ, ਫੁੱਲ-ਡੋਡੀ ਅਤੇ ਟੀਂਡੇ ਜਾਂਦੀ ਹੈ, ਨਰਮ ਪੂਰਾ ਕੱਦ ਨਹੀਂ ਕਰਦਾ। ਇਸ ਲਈ ਦਰਮਿਆਨੀ ਉਪਜਾਊ ਸ਼ਕਤੀ ਵਾਲੀ ਜ਼ਮੀਨ ਵਿਚ ਦੋਗਲੀਆਂ ਕਿਸਮਾਂ (ਬੀ. ਟੀ. ਅਤੇ ਬੀ. ਟੀ. ਰਹਿਤ) ਲਈ 90 ਕਿਲੋਗ੍ਰਾਮ ਪ੍ਰਤੀ ਏਕੜ ਯੂਰੀਆ ਖਾਦ, ਜਿਸ ਵਿਚੋਂ ਅੱਧੀ ਬੂਟੇ ਵਿਰਲੇ ਕਰਨ ਸਮੇਂ ਅਤੇ ਬਾਕੀ ਅੱਧੀ ਫੁੱਲ ਨਿਕਲਣ ਸਮੇਂ ਪਾਓ। ਕਮਜ਼ੋਰ ਜ਼ਮੀਨਾਂ ਵਿਚ ਯੂਰੀਆ ਖਾਦ ਦੀ ਪਹਿਲੀ ਕਿਸ਼ਤ ਬਿਜਾਈ ਸਮੇਂ ਹੀ ਪਾ ਦਿਓ।

ਦੇਸੀ ਕਪਾਹ ਅਤੇ ਬੀ.ਟੀ. ਰਹਿਤ ਕਿਸਮਾਂ ਲਈ 65 ਕਿਲੋਗ੍ਰਾਮ ਯੂਰੀਆ ਜਦਕਿ ਬੀ.ਟੀ. ਨਰਮੇਂ ਦੀਆਂ ਕਿਸਮਾਂ (ਪੀ ਏ ਯੂ ਬੀ ਟੀ 2 ਅਤੇ 3) ਲਈ 80 ਕਿਲੋਗ੍ਰਾਮ ਯੂਰੀਆ ਪ੍ਰਤੀ ਏਕੜ ਦੀ ਵਰਤੋਂ ਕਰੋ। ਤੁਪਕਾ ਸਿੰਚਾਈ ਵਾਲੀ ਹਾਲਤ ਵਿਚ ਫਰਟੀਗੇਸ਼ਨ ਵਿਧੀ ਨਾਲ 100 ਕਿਲੋਗ੍ਰਾਮ ਯੂਰੀਆ (45 ਕਿਲੋਗ੍ਰਾਮ ਨਾਈਟ੍ਰੋਜਨ) ਪ੍ਰਤੀ ਏਕੜ ਬਿਜਾਈ ਤੋਂ 35 ਦਿਨਾਂ ਤੋਂ ਸ਼ੁਰੂ ਕਰੋ ਅਤੇ ਇਸ ਨੂੰ 110-120 ਦਿਨਾਂ ਤੱਕ 10 ਬਰਾਬਰ ਕਿਸ਼ਤਾਂ ਵਿਚ 7 ਦਿਨਾਂ ਦੇ ਵਕਫੇ ਤੇ ਪਾਓ। ਦਰਮਿਆਨੀ ਉਪਜਾਊ ਸ਼ਕਤੀ ਵਾਲੀ ਜ਼ਮੀਨ ਵਿਚ 75 ਕਿਲੋਗ੍ਰਾਮ ਸਿੰਗਲ ਸੁਪਰਫਾਸਫੇਟ ਜਾਂ 27 ਕਿਲੋਗ੍ਰਾਮ ਡੀ. ਏ. ਪੀ. ਪ੍ਰਤੀ ਏਕੜ ਬਿਜਾਈ ਵੇਲੇ ਪਾ ਦਿਉ। ਜੇਕਰ ਨਰਮੇ ਤੋਂ ਪਹਿਲਾਂ ਕਣਕ ਨੂੰ ਸਿਫਾਰਿਸ਼ ਕੀਤੀ ਫਾਸਫੋਰਸ ਦੀ ਮਾਤਰਾ ਪਾਈ ਹੋਵੇ ਤਾਂ ਨਰਮੇ ਨੂੰ ਫਾਰਫੋਰਸ ਦੀ ਮਾਤਰਾ ਪਾਈ ਹੋਵੇ ਤਾਂ ਨਰਮੇ ਨੂੰ ਫਾਸਫੋਰਸ ਨਾ ਪਾਉ। 27 ਕਿਲੋਗ੍ਰਾਮ ਡੀ. ਏ. ਪੀ. ਪਾਇਆ ਹੋਵੇ ਉੱਥੇ ਯੂਰੀਆ ਦੀ ਮਾਤਰਾ 10 ਕਿਲੋਗ੍ਰਾਮ ਘਟਾ ਦਿਉ। ਮਿੱਟੀ ਪਰਖ ਰਿਪੋਰਟ ਮੁਤਾਬਿਕ ਘੱਟ ਤੋਂ ਦਰਮਿਆਨੀ ਪੋਟਾਸ਼ ਵਾਲੀ ਜ਼ਮੀਨ ਵਿਚ ਫਸਲ ਨੂੰ ਬਿਜਾਈ ਸਮੇਂ 20 ਕਿਲੋਗ੍ਰਾਮ ਮਿਊਰੇਟ ਆਫ ਪੋਟਾਸ਼ ਅਤੇ 10 ਕਿਲੋਗ੍ਰਾਮ ਜ਼ਿੰਕ ਸਲਫੇਟ ਹੈਪਟਾਹਾਈਡਰੇਟ ਜਾਂ 6.5 ਕਿਲੋਗ੍ਰਾਮ ਜ਼ਿੰਕ ਸਲਫੇਟ ਮੋਨੋਹਾਈਡਰੇਟ ਪ੍ਰਤੀ ਏਕੜ ਪਾਓ।

ਫੁੱਲ ਪੈਣ ਅਤੇ ਫੁੱਲ ਤੋਂ ਟੀਂਡਾ ਬਣਨ ਦੀ ਪ੍ਰਕਿਰਿਆ ਦੌਰਾਨ ਤੱਤਾਂ ਦੀ ਖਪਤ ਵਧਣ ਕਰਕੇ ਆਈ ਘਾਟ ਕਾਰਨ ਫੁੱਲ ਤੇ ਟੀਂਡੇ ਝੜਨ ਅਤੇ ਟੀਂਡਿਆ ਦਾ ਛੋਟਾ ਆਕਾਰ ਨਰਮੇ ਦੇ ਝਾੜ ਵਿਚ ਵੱਡੀ ਕਮੀ ਕਰ ਦਿੰਦਾ ਹੈ। ਜ਼ਿਆਦਾ ਘਾਟ ਦੀ ਹਾਲਤ ਵਿਚ ਪੌਦੇ ਕੁਮਲਾਅ ਕੇ ਸੁੱਕਣ ਲਗਦੇ ਹਨ। ਇਸ ਲਈ ਫਸਲ ਲਈ ਨਾਈਟ੍ਰੋਜਨ ਅਤੇ ਪੋਟਾਸ਼ੀਅਮ ਤੱਤ ਦੀ ਘਾਟ ਪੂਰਾ ਕਰਨ ਲਈ 2 ਪ੍ਰਤੀਸ਼ਤ ਪੋਟਾਸ਼ੀਅਮ ਨਾਈਟ੍ਰੇਟ (13:0:45) ਦੇ ਚਾਰ ਛਿੜਕਾਅ (2 ਕਿਲੋਗ੍ਰਾਮ ਪ੍ਰਤੀ 100 ਲੀਟਰ ਪਾਣੀ ਵਿਚ ਘੋਲ ਕੇ) ਹਫਤੇ-ਹਫਤੇ ਬਾਅਦ ਕਰੋ।

ਬਰਸਾਤਾਂ 'ਚ ਨਰਮੇਂ ਦੇ ਪੱਤੇ ਲਾਲ ਹੋ ਕੇ ਝੜਨ ਲਗਦੇ ਹਨ, ਟੀਂਡੇ ਲਾਲ ਭਾਅ ਮਾਰਦੇ ਹਨ। ਇਹ ਅਲ੍ਹਾਮਤ 'ਫਸਲ 'ਚੋਂ ਲਾਟ ਨਿਕਲਗੀ' ਵਾਂਗ ਨਜ਼ਰ ਆਉਂਦੀ ਹੈ। ਇਸ ਦੀ ਰੋਕਥਾਮ ਲਈ ਮੈਗਨੀਸ਼ੀਅਮ ਸਲਫੇਟ 1 ਕਿਲੋ ਗ੍ਰਾਮ ਪ੍ਰਤੀ 100 ਲੀਟਰ ਪਾਣੀ ਦੇ ਹਿਸਾਬ ਨਾਲ ਫੁੱਲਡੋਡੀ ਪੈਣ ਅਤੇ ਟੀਂਡੇ ਬਣਨ ਸਮੇਂ ਦੋ ਹਫਤੇ ਦੇ ਫਰਕ ਨਾਲ ਕਰਨੇ ਚਾਹੀਦੇ ਹਨ। ਜ਼ਿਆਦਾ ਘਾਟ ਆਉਣ ਦੇ ਖਦਸ਼ੇ ਦੀ ਹਾਲਾਤ ਵਿਚ ਜਾਂ ਜੇਕਰ ਪਿਛਲੇ ਸਾਲ ਇਹ ਸਮੱਸਿਆ ਆਈ ਸੀ ਤਾਂ 25 ਕਿਲੋਗ੍ਰਾਮ ਪ੍ਰਤੀ ਏਕੜ ਮੈਗਨੀਸ਼ੀਅਮ ਸਲਫੇਟ ਬਿਜਾਈ ਸਮੇਂ ਹੀ ਪਾ ਦਿਉ।

ਬੋਰੋਨ ਦੀ ਘਾਟ ਵਾਲੀਆਂ ਜ਼ਮੀਨਾਂ (0.5 ਕਿਲੋ ਪ੍ਰਤੀ ਏਕੜ ਤੋਂ ਘੱਟ) ਵਾਲੀਆਂ ਜ਼ਮੀਨਾਂ ਜਿਹਨਾਂ ਵਿੱਚ 2% ਜਾਂ ਵੱਧ ਕੈਲਸ਼ੀਅਮ ਕਾਰਬੋਨੇਟ ਹੋਵੇ, ਵਿਚ ਬਿਜਾਈ ਦੇ ਸਮੇਂ 400 ਗ੍ਰਾਮ ਬੋਰੋਨ (4 ਕਿਲੋ ਬੋਰੈਕਸ) ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ। ਬੋਰੋਨ ਦੀ ਸਿਫਾਰਿਸ਼ ਨਾਲੋਂ ਵਧੇਰੇ ਵਰਤੋਂ ਨਾ ਕਰੋ ਕਿਉਂਕਿ ਇਹ ਫਸਲ ਅਤੇ ਜ਼ਮੀਨ ਲਈ ਨੁਕਸਾਨਦੇਹ ਹੋ ਸਕਦੀ ਹੈ। ਅਚਾਨਕ ਲੱਗੀ ਔੜ ਨਾਲ ਨਰਮੇ ਦੇ ਝਾੜ ਦੇ ਨੁਕਸਾਨ ਨੂੰ ਘੱਟ ਕਰਨ ਲਈ ਔੜ ਸਮੇਂ 12.5 ਗ੍ਰਾਮ ਪ੍ਰਤੀ ਏਕੜ ਸੈਲੀਸਿਲਕ ਐਸਿਡ ਨੂੰ 375 ਮਿਲੀਲੀਟਰ ਈਥਾਈਲ ਅਲਕੋਹਲ ਦੇ ਘੋਲ ਨੂੰ 125 ਲੀਟਰ ਪਾਣੀ ਵਿਚ ਮਿਲਾ ਕੇ ਛਿੜਕਾਅ ਕਰੋ।



ਸਰਵੇਖਣ ਦੌਰਾਨ ਸਾਹਮਣੇ ਆਇਆ ਹੈ ਕਿ ਜ਼ਿਆਦਾਤਰ ਖੇਤਾਂ ਵਿਚ ਫਸਲ ਉਪਰ ਖੁਰਾਕੀ ਤੱਤਾਂ ਦੀ ਕਮੀ ਦੇ ਲੱਛਣ ਅਗੇਤੇ ਪ੍ਰਗਟ ਹੋ ਜਾਂਦੇ ਹਨ। ਖਾਸ ਕਰਕੇ ਪਿਛੇਤੀ ਬਿਜਾਈ ਵਾਲੇ ਖੇਤ, ਜਿੱਥੇ ਕੀੜੇ ਮਕੌੜਿਆਂ ਦੇ ਹਮਲੇ ਦੇ ਡਰੋਂ ਯੂਰੀਆ ਖਾਦ ਦੀ ਘੱਟ ਵਰਤੋਂ ਕੀਤੀ



ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

KHETI DUNIYAN

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 42 ਅੰਕ 18
ਮਿਤੀ 04-05-2024

ਐਡੀਟਰ
ਜਗਪ੍ਰੀਤ ਸਿੰਘ

ਮਾਰਕੀਟਿੰਗ ਦਫਤਰ
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

ਸੰਪਾਦਕੀ ਬੋਰਡ
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ

ਕੰਪੋਜ਼ਿੰਗ
ਏਕਤਾ ਕੰਪਿਊਟਰਜ਼, ਪਟਿਆਲਾ

ਨੋਟ


★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।

Editor, Printer & Publisher JAGPREET SINGH
Printed at Vargenia Printers, Sher-e-Punjab Market, Gaushala Road, PATIALA &
Published at Patiala for Prop. JAGPREET SINGH

ਪੰਜਾਬ 'ਚ ਖੇਤੀ ਸਨਅਤਾਂ ਦੀ ਘਾਟ



ਡਾ. ਸ. ਸ. ਛੀਨਾ

ਸੁਤੰਤਰਤਾ ਤੋਂ ਪਹਿਲਾਂ ਪੰਜਾਬ ਭਾਵੇਂ ਖੇਤੀ ਵਿਚ ਸਭ ਪ੍ਰਾਂਤਾਂ ਤੋਂ ਵਿਕਸਤ ਪ੍ਰਾਂਤ ਸੀ ਪਰ ਇੱਥੋਂ ਨਿਰਯਾਤ ਹੋਣ ਵਾਲੀਆਂ ਵਸਤਾਂ ਖੇਤੀ ਵਸਤਾਂ ਨਹੀਂ ਸਗੋਂ ਉਦਯੋਗਿਕ ਵਸਤੂਆਂ ਸਨ। ਗਰਮ ਕੱਪੜਾ, ਰੇਸ਼ਮੀ ਕੱਪੜਾ, ਲੋਹੇ ਦੀਆਂ ਬਣੀਆਂ ਪ੍ਰਿੰਟਿੰਗ ਮਸ਼ੀਨਾਂ, ਮੋਟਰਾਂ ਦੇ ਪੁਰਜ਼ੇ, ਹੌਜਰੀ ਦਾ ਸਾਮਾਨ ਆਦਿ ਇੱਥੋਂ ਹੋਰ ਦੇਸ਼ਾਂ ਨੂੰ ਭੇਜਿਆ ਜਾਂਦਾ ਸੀ। ਪੰਜਾਬ ਤੋਂ ਅਫਗਾਨਿਸਤਾਨ ਅਤੇ ਇਸ ਤੋਂ ਅੱਗੇ ਈਰਾਨ ਅਤੇ ਕੇਂਦਰੀ ਏਸ਼ੀਆ ਦੇ ਦੇਸ਼ਾਂ ਨਾਲ ਪੰਜਾਬ ਦਾ ਅੰਤਰਰਾਸ਼ਟਰੀ ਵਪਾਰ ਸੀ।

ਪਰ ਸੁਤੰਤਰਤਾ ਤੋਂ ਬਾਅਦ ਰਾਜਨੀਤਕ ਕਾਰਨਾਂ ਕਰਕੇ ਪੰਜਾਬ ਤੋਂ ਅਫਗਾਨਿਸਤਾਨ ਰਸਤੇ ਹੋਣ ਵਾਲਾ ਵਪਾਰ ਬੰਦ ਹੋ ਗਿਆ। ਪੰਜਾਬ ਤੋਂ ਬੰਦਰਗਾਹਾਂ ਦੀ 1500 ਕਿਲੋਮੀਟਰ ਦੀ ਦੂਰੀ ਅਤੇ ਲੋਹੇ, ਕੋਲੇ ਦੇ ਕੱਚੇ ਮਾਰ ਤੋਂ 1500 ਕਿਲੋਮੀਟਰ ਦੀ ਦੂਰੀ ਨੇ ਪੰਜਾਬ ਤੋਂ ਬਣਨ ਵਾਲੀਆਂ ਵਸਤੂਆਂ ਨੂੰ ਆਧੁਨਿਕ ਸਮੇਂ ਵਿਚ ਮੁਕਾਬਲੇਯੋਗ ਨਾ ਰਹਿਣ ਦਿੱਤਾ ਜਿਸ ਦੇ ਸਿੱਟੇ ਵਜੋਂ ਪੰਜਾਬ ਵਿਚੋਂ ਉਦਯੋਗਿਕ ਵਸਤਾਂ ਦੀ ਨਿਰਯਾਤ ਘਟਦੀ ਚਲੀ ਗਈ ਅਤੇ ਉਹ ਕਾਰਖਾਨੇ ਜਿਹੜੇ ਇਨ੍ਹਾਂ ਵਸਤੂਆਂ ਦਾ ਉਤਪਾਦਨ ਕਰਦੇ ਸਨ, ਉਹ ਬੰਦ ਹੋਣ ਲੱਗ ਪਏ।

ਇਨ੍ਹਾਂ ਕਾਰਨਾਂ ਕਰਕੇ ਕਾਰਖਾਨਿਆਂ ਵਿਚ ਲੱਗੇ ਕਿਰਤੀ ਬੇਰੁਜ਼ਗਾਰ ਹੋ ਗਏ ਅਤੇ ਨਵਾਂ ਰੁਜ਼ਗਾਰ ਪੈਦਾ ਨਾ ਹੋਇਆ। ਕਿਰਤੀ ਪੰਜਾਬ ਛੱਡ ਕੇ ਹੋਰ ਪ੍ਰਦੇਸ਼ਾਂ ਅਤੇ ਵਿਦੇਸ਼ਾਂ ਵਿਚ ਜਾਣ ਲੱਗ ਪਏ ਅਤੇ ਪੰਜਾਬ ਨੇ ਉਦਯੋਗਿਕ ਪ੍ਰਾਂਤ ਹੋਣ ਦਾ ਦਰਜਾ ਗੁਆ ਲਿਆ ਤੇ ਇਸ ਦੀ ਨਿਰਭਰਤਾ ਸਿਰਫ ਖੇਤੀ 'ਤੇ ਹੀ ਰਹਿ ਗਈ। ਭਾਵੇਂ ਪੰਜਾਬ ਖੇਤੀ ਵਿਚ ਸਿਰਫ ਭਾਰਤ ਦਾ ਹੀ ਨਹੀਂ, ਦੁਨੀਆਂ ਭਰ 'ਚ ਵਿਕਸਤ ਪ੍ਰਾਂਤ ਹੈ। ਪੰਜਾਬ ਕੋਲ ਭਾਰਤ ਦਾ ਸਿਰਫ 1.53 ਫੀਸਦੀ ਖੇਤਰ ਹੋਣ ਦੇ ਬਾਵਜੂਦ ਉਹ ਦੇਸ਼ ਦੇ ਅੰਨ ਭੰਡਾਰਾਂ ਵਿਚ 60 ਫੀਸਦੀ ਤੱਕ ਹਿੱਸਾ ਪਾਉਂਦਾ ਰਿਹਾ ਹੈ। ਦੇਸ਼ ਦੇ ਕੁੱਲ ਕਣਕ ਉਤਪਾਦਨ ਵਿਚ 19 ਫੀਸਦੀ, ਝੋਨੇ ਵਿਚ 11 ਤੇ ਕਪਾਹ ਵਿਚ 5% ਹਿੱਸਾ ਰਿਹਾ ਹੈ। ਇੱਥੋਂ ਤੱਕ ਕਿ ਦੁਨੀਆਂ ਭਰ ਵਿਚ ਪੈਦਾ ਹੋਣ ਵਾਲੀ ਕਣਕ ਵਿਚ ਪੰਜਾਬ ਦਾ ਯੋਗਦਾਨ 2.4%, ਝੋਨੇ ਵਿਚ 2.5% ਕਪਾਹ ਵਿਚ 1.2 ਫੀਸਦੀ ਹਿੱਸਾ ਹੈ। ਫਿਰ ਵੀ ਪੰਜਾਬ ਖੇਤੀ ਵਿਚ ਵੀ ਆਤਮ-ਨਿਰਭਰ ਨਹੀਂ ਸਗੋਂ ਬਹੁਤ ਸਾਰੀਆਂ ਵਸਤਾਂ ਹੋਰ ਪ੍ਰਦੇਸ਼ਾਂ ਤੋਂ ਅਤੇ ਵਿਦੇਸ਼ਾਂ ਤੋਂ ਮੰਗਵਾਉਂਦਾ ਹੈ ਜਿਸ ਲਈ ਉੱਚੀਆਂ ਕੀਮਤਾਂ ਦੇਣੀਆਂ ਪੈਂਦੀਆਂ ਹਨ ਭਾਵੇਂ ਉਹ ਵਸਤਾਂ ਪੰਜਾਬ ਵਿਚ ਆਸਾਨੀ ਨਾਲ ਪੈਦਾ ਕੀਤੀਆਂ ਜਾ ਸਕਦੀਆਂ ਹਨ।

ਸੰਨ 1960 ਤੋਂ ਪਹਿਲਾਂ ਪੰਜਾਬ ਉਹ ਵਸਤਾਂ ਹੋਰ ਪ੍ਰਦੇਸ਼ਾਂ ਨੂੰ ਭੇਜਦਾ ਸੀ ਪਰ 1970 ਤੋਂ ਬਾਅਦ ਜਦੋਂ ਝੋਨੇ ਤੇ ਕਣਕ ਨੂੰ ਸਰਕਾਰੀ ਤੌਰ 'ਤੇ ਖਰੀਦ ਕੇ ਯਕੀਨਨ ਮੰਡੀਕਰਨ ਦਾ ਭਰੋਸਾ ਦਿੱਤਾ ਗਿਆ ਤਾਂ ਫਸਲ ਚੱਕਰ ਬਦਲ ਕੇ ਇਨ੍ਹਾਂ ਦੋਵਾਂ ਫਸਲਾਂ ਦਾ ਵਧਦਾ ਗਿਆ ਤੇ ਹੋਰ ਫਸਲਾਂ ਜਿਵੇਂ ਦਾਲਾਂ ਅਤੇ ਤੇਲ ਦੇ ਬੀਜਾਂ ਅਧੀਨ ਲਗਾਤਾਰ ਖੇਤਰ ਘਟਦਾ ਗਿਆ। ਹੁਣ 32 ਲੱਖ ਹੈਕਟੇਅਰ ਜਾਂ 80 ਲੱਖ ਏਕੜ ਖੇਤਰ ਝੋਨੇ ਅਧੀਨ ਹੈ।

ਹੁਣ ਸਰਕਾਰ ਦੀਆਂ ਕੋਸ਼ਿਸ਼ਾਂ ਹਨ ਕਿ ਝੋਨੇ ਅਧੀਨ ਖੇਤਰ ਨੂੰ ਘੱਟ ਕੀਤਾ ਜਾਵੇ ਪਰ ਨਹੀਂ ਹੋ ਰਿਹਾ। ਇਸ ਦਾ ਇਹ ਪ੍ਰਭਾਵ ਪਿਆ ਕਿ ਦਾਲਾਂ ਬਹੁਤ ਮਹਿੰਗੀਆਂ ਮਿਲਣ ਲੱਗੀਆਂ ਅਤੇ ਇਹੋ ਹਾਲ ਤੇਲ ਦੇ ਬੀਜਾਂ ਦਾ ਹੋਇਆ। ਇੱਥੋਂ ਤੱਕ ਕਿ ਗੰਢੇ ਵੀ ਨਾਸਿਕ ਤੋਂ ਲਿਆ ਕੇ ਪੰਜਾਬ ਵਿਚ ਵਿਕਦੇ ਹਨ ਅਤੇ ਇਸੇ ਤਰ੍ਹਾਂ ਹੀ ਅਦਰਕ



ਤੇ ਹੋਰ ਫਸਲਾਂ ਵੀ ਹੋਰ ਪ੍ਰਦੇਸ਼ਾਂ ਤੋਂ ਆਉਂਦੀਆਂ ਹਨ। ਹੁਣ ਪੰਜਾਬ ਨਿਰਯਾਤ ਵਿਚ ਪੰਦਰਵੇਂ ਸਥਾਨ 'ਤੇ ਹੈ ਅਤੇ ਪੰਜਾਬ ਤੋਂ ਇਕ ਹੀ ਵਸਤ ਬਾਸਮਤੀ ਚੌਲ ਹਨ ਜਿਹੜੇ ਸਾਲ ਵਿਚ ਤਕਰੀਬਨ 20 ਹਜ਼ਾਰ ਕਰੋੜ ਰੁਪਏ ਤੇ ਨਿਰਯਾਤ ਕੀਤੇ ਜਾਂਦੇ ਹਨ। ਬਾਸਮਤੀ ਅਮਰੀਕਾ, ਕੈਨੇਡਾ, ਫਰਾਂਸ, ਆਸਟ੍ਰੇਲੀਆ, ਜਰਮਨੀ ਆਦਿ ਦੇਸ਼ਾਂ ਵਿਚ ਵਿਕਦੀ ਹੈ। ਬਾਸਮਤੀ ਦੇ ਨਿਰਯਾਤ ਵਿਚ ਪੰਜਾਬ ਦਾ 80 ਫੀਸਦੀ ਹਿੱਸਾ ਹੈ। ਵੈਸੇ ਵੀ ਬਾਸਮਤੀ ਚੌਲ ਵਿਚ ਇਕ ਉਹ ਫਸਲ ਹੈ ਜਿਹੜੀ ਸਿਰਫ ਪੰਜਾਬ (ਭਾਰਤ) ਅਤੇ ਪਾਕਿਸਤਾਨ ਵਿਚ ਹੀ ਪੈਦਾ ਕੀਤੀ ਜਾਂਦੀ ਹੈ। ਬਾਹਰਲੇ ਦੇਸ਼ਾਂ ਵਿਚ ਬਾਸਮਤੀ ਦੀ ਫਸਲ ਲਈ ਖੇਤਰ ਵਿਚ ਵਾਧਾ ਨਹੀਂ ਹੋ ਰਿਹਾ। ਸੰਨ 2007 ਵਿਚ ਇਸ ਤਰ੍ਹਾਂ ਦੀ ਸਥਿਤੀ ਬਣੀ ਕਿ ਵਿਦੇਸ਼ਾਂ ਵਿਚ ਬਾਸਮਤੀ ਚੌਲਾਂ ਦੀ ਜਿੰਨੀ ਮੰਗ ਸੀ, ਉਹ ਪੂਰੀ ਨਹੀਂ ਹੋ ਰਹੀ ਅਤੇ ਅਖੀਰ ਵਿਦੇਸ਼ੀ ਆਯਾਤਕਾਰਾਂ ਨੇ ਭਾਰਤੀ ਨਿਰਯਾਤਕਾਰਾਂ ਨੂੰ ਕਿਹਾ ਕਿ ਉਹ ਸ਼ਰਬਤੀ ਅਤੇ ਪੂਸਾ ਚੌਲਾਂ ਨੂੰ ਭੇਜ ਦੇਣ।

ਉਹ ਬੇਸ਼ੱਕ ਬਾਸਮਤੀ ਵਰਗੇ ਤਾਂ ਨਹੀਂ ਪਰ ਉਹ ਵੀ ਬਾਹਰ ਵਿਕ ਸਕਦੇ ਹਨ। ਪਰ ਉਸ ਵਕਤ ਅਨਾਜ ਸੁਰੱਖਿਆ ਕਰਕੇ ਉਨ੍ਹਾਂ ਚੌਲਾਂ ਦੇ ਭੇਜਣ ਦੀ ਮਨਾਹੀ ਸੀ। ਇਸ ਲਈ ਭਾਰਤੀ ਨਿਰਯਾਤਕਾਰਾਂ ਨੇ ਵਪਾਰ ਵਜ਼ਾਰਤ ਨੂੰ ਇਸ ਗੱਲ ਲਈ ਸੰਤੁਸ਼ਟ ਕਰ ਲਿਆ ਕਿ ਬਾਹਰ ਇਹ ਚੌਲ ਉੱਚੀ ਕੀਮਤ 'ਤੇ ਵਿਕ ਸਕਦੇ ਹਨ।

ਭਾਰਤ ਵਿਚ ਹੁਣ ਕੋਈ ਅਨਾਜ ਸਮੱਸਿਆ ਨਹੀਂ ਅਤੇ ਨਿਰਯਾਤਕਾਰਾਂ ਦੀਆਂ ਕੋਸ਼ਿਸ਼ਾਂ ਸਦਕਾ ਉਨ੍ਹਾਂ ਨੂੰ ਚੌਲਾਂ ਦੇ ਨਿਰਯਾਤ ਦੀ ਆਗਿਆ ਦੇ ਦਿੱਤੀ ਗਈ ਹੈ। ਪੰਜਾਬ ਖੇਤੀ ਪ੍ਰਧਾਨ ਪ੍ਰਾਂਤ ਹੈ। ਇੱਥੋਂ ਖੇਤੀ ਵਸਤਾਂ ਦਾ ਨਿਰਯਾਤ ਜ਼ਿਆਦਾ ਲਾਭਕਾਰੀ ਹੋ ਸਕਦਾ ਹੈ। ਪਰ ਖੇਤੀ ਵਸਤਾਂ ਦੇ ਨਿਰਯਾਤ ਵਿਚ ਪੰਜਾਬ ਬਹੁਤ ਪਿੱਛੇ ਹੈ ਅਤੇ ਤਿਆਰ ਖੇਤੀ ਵਸਤਾਂ ਦੇ ਨਿਰਯਾਤ ਜਿਸ ਦੇ ਜ਼ਿਆਦਾ ਮੌਕੇ ਹਨ, ਬਿਲਕੁਲ ਨਹੀਂ ਹੋ ਰਿਹਾ। ਇੱਥੋਂ ਤੱਕ ਕਿ ਜੂਸ, ਜੈਮ, ਚਟਣੀਆਂ, ਮੁਰੱਬੇ ਆਦਿ ਵੀ ਹੋਰ ਪ੍ਰਦੇਸ਼ਾਂ ਤੋਂ ਆ ਕੇ ਇੱਥੇ ਵਿਕਦੇ ਹਨ। ਕਣਕ ਤੋਂ ਬਣਿਆ ਆਟਾ ਵੀ ਹੋਰ ਪ੍ਰਦੇਸ਼ਾਂ ਤੋਂ ਮੰਗਵਾਇਆ ਜਾਂਦਾ ਹੈ। ਦੁਨੀਆਂ ਦੇ ਵਿਕਸਤ ਦੇਸ਼ਾਂ ਵਿਚ 86 ਫੀਸਦੀ ਖੇਤੀ ਵਸਤਾਂ ਨੂੰ ਤਿਆਰ ਕਰ ਕੇ ਵੇਚਿਆ ਜਾਂਦਾ ਹੈ ਪਰ ਪੰਜਾਬ ਵਿਚ ਸਿਰਫ 12 ਫੀਸਦੀ ਵਸਤਾਂ ਤਿਆਰ ਕਰ ਕੇ ਵਿਕਦੀਆਂ ਹਨ। ਖੇਤੀ ਆਧਾਰਤ ਉਦਯੋਗ ਜਿਨ੍ਹਾਂ ਦੀ ਪੰਜਾਬ ਵਿਚ ਜ਼ਿਆਦਾ ਸਮਰੱਥਾ ਹੈ, ਉਨ੍ਹਾਂ ਦੀ ਅਣਹੋਂਦ ਹੈ।

ਮੈਨੂੰ ਕੁਝ ਸਾਲ ਪਹਿਲਾਂ ਇੰਡੀਅਨ ਕੌਂਸਲ ਆਫ ਸੋਸ਼ਲ ਸਾਇੰਸ ਰਿਸਰਚ ਦਿੱਲੀ ਵੱਲੋਂ ਇਕ ਪ੍ਰਾਜੈਕਟ ਮਿਲਿਆ ਸੀ ਜਿਸ ਵਿਚ ਮੈਂ ਇਹ ਅਧਿਐਨ ਕਰਨਾ ਸੀ ਕਿ ਖੇਤੀ ਆਧਾਰਤ ਉਦਯੋਗਾਂ ਦੇ ਵਿਕਾਸ ਲਈ ਪੰਜਾਬ ਵਿਚ ਕੀ ਰੁਕਾਵਟਾਂ ਹਨ ਤਾਂ ਮੈਂ ਆਪਣੇ ਅਧਿਐਨ ਵਿਚ ਇਹ ਸਿੱਟਾ ਕੱਢਿਆ ਕਿ ਕੱਚੇ ਮਾਲ ਦੀ ਲਗਾਤਾਰ ਅਤੇ ਯੋਗ ਮਾਤਰਾ ਵਿਚ ਪੂਰਤੀ ਦਾ ਨਾ ਹੋਣਾ, ਖੇਤੀ ਆਧਾਰਤ ਉਦਯੋਗਾਂ ਲਈ ਪੰਜਾਬ ਵਿਚ ਇਕ ਵੱਡੀ ਰੁਕਾਵਟ ਹੈ। ਖੇਤੀ ਇਕ ਮੌਸਮੀ ਧੰਦਾ ਹੈ। ਹਰ ਫਸਲ ਹਰ ਵਕਤ ਤਿਆਰ ਨਹੀਂ ਹੋ ਸਕਦੀ। ਉਸ ਲਈ ਸਮਾਂ ਨਿਸ਼ਚਤ ਹੈ। ਪੰਜਾਬ ਵਿਚ ਸਿਵਾਏ ਖੰਡ ਮਿੱਲਾਂ ਦੇ ਹੋਰ ਕਿਸੇ ਵੀ ਵਸਤੂ ਦੇ ਮੁੱਲ ਵਾਧੇ ਲਈ ਉਦਯੋਗਿਕ ਇਕਾਈਆਂ ਨਹੀਂ ਲੱਗੀਆਂ ਹਾਲਾਂਕਿ ਪੰਜਾਬ ਦਾ ਜਲਵਾਯੂ ਹਰ ਫਸਲ ਦੇ ਅਨੁਕੂਲ ਹੈ। ਪੰਜਾਬ ਵਿਚ ਫਲਾਂ, ਸਬਜ਼ੀਆਂ ਦਾਲਾਂ ਅਤੇ ਤੇਲ ਦੇ ਬੀਜਾਂ ਦੇ ਉਤਪਾਦਨ ਦੀ ਵੱਡੀ ਸਮਰੱਥਾ ਹੈ। ਸੂਰਜਮੁਖੀ ਪੰਜਾਬ ਵਿਚ ਇੰਨੀ ਉਪਜ ਦਿੰਦਾ ਹੈ ਜਿੰਨੀ ਕਿਸੇ ਵੀ ਪ੍ਰਾਂਤ ਵਿਚ ਨਹੀਂ। ਇਸ ਤਰ੍ਹਾਂ ਹੋਰ ਫਸਲਾਂ ਦੀ ਹਾਲਤ ਹੈ ਪਰ ਉਹ ਬੀਜੀਆਂ ਹੀ ਨਹੀਂ ਜਾਂਦੀਆਂ ਜਦਕਿ ਵਿਦੇਸ਼ਾਂ ਤੋਂ ਬਹੁਤ ਮਹਿੰਗੀਆਂ ਖਰੀਦੀਆਂ ਜਾਂਦੀਆਂ ਹਨ। ਅਨਾਜ ਸਮੱਸਿਆ ਹੋਣ ਕਰਕੇ ਜਿੰਨੀ ਦਿਲਚਸਪੀ ਕਣਕ ਅਤੇ ਝੋਨੇ ਦੇ ਬੀਜਾਂ ਲਈ ਵਿਖਾਈ ਕਈ ਸੀ, ਜੇ ਓਨੀ ਦਿਲਚਸਪੀ ਉਨ੍ਹਾਂ ਕੁਝ ਕੁ ਫਸਲਾਂ ਲਈ ਵੀ ਵਿਖਾਈ ਜਾਂਦੀ ਜਿਨ੍ਹਾਂ ਦਾ ਨਿਰਯਾਤ ਹੋ ਸਕਦਾ ਹੈ ਤਾਂ ਉਹ ਪੰਜਾਬ ਦੇ ਵੱਡੇ ਹਿੱਤ ਦੀ ਗੱਲ ਹੁੰਦੀ। ਪੰਜਾਬ ਵਿਚ ਹੋਰ ਪ੍ਰਾਂਤਾਂ ਦੀ ਤਰ੍ਹਾਂ ਐਗਰੀ ਐਕਸਪੋਰਟ ਕਾਰਪੋਰੇਸ਼ਨ ਹੈ ਜਿਸ ਦਾ ਮੁੱਖ ਕੰਮ ਹੈ ਖੇਤੀ ਵਸਤਾਂ ਦੇ ਨਿਰਯਾਤ ਲਈ ਵਿਦੇਸ਼ਾ ਤੋਂ ਆਰਡਰ ਪ੍ਰਾਪਤ ਕਰਨੇ ਪਰ ਪਿਛਲੇ ਕਈ ਦਹਾਕਿਆਂ ਤੋਂ ਉਸ ਕਾਰਪੋਰੇਸ਼ਨ ਦੀ ਕਾਰਗੁਜ਼ਾਰੀ ਕੁਝ ਵੀ ਨਹੀਂ ਰਹੀ।

ਅਸਲ ਵਿਚ ਜੇ ਉਹ ਕੋਈ ਆਰਡਰ ਪ੍ਰਾਪਤ ਵੀ ਕਰ ਲੈਣ ਤਾਂ ਵੀ ਉਹ ਕਿਸ ਨੇ ਪੂਰਾ ਕਰਨਾ ਹੈ ਕਿਉਂ ਜੋ ਜਿਹੜੀਆਂ ਵਸਤਾਂ ਦੀ ਵਿਦੇਸ਼ਾਂ ਵਿਚ ਮੰਗ ਹੈ, ਉਹ ਤਾਂ ਪੈਦਾ ਹੀ ਨਹੀਂ ਹੋ ਰਹੀਆਂ। ਪੰਜਾਬ ਵਿਚ ਫੈਲੀ ਵੱਡੀ ਬੇਰੁਜ਼ਗਾਰੀ ਨੂੰ ਧਿਆਨ ਵਿਚ ਰੱਖਦਿਆਂ ਹੋਇਆ ਪੰਜਾਬ ਦੇ ਉਦਯੋਗੀਕਰਨ ਵਿਚ ਖੇਤੀ ਆਧਾਰਤ ਉਦਯੋਗਾਂ ਨੂੰ ਪਹਿਲ ਦੇਣੀ ਚਾਹੀਦੀ ਹੈ ਅਤੇ ਇਸ ਵਿਚ ਸਰਕਾਰ ਦੀ ਵੱਡੀ ਭੂਮਿਕਾ ਹੈ। ਇਹ ਉਦਯੋਗਾਂ ਨੂੰ ਉਤਸ਼ਾਹਤ ਕਰਨ ਲਈ ਸਹੂਲਤਾਂ ਜਿਵੇਂ ਸਬਸਿਡੀ, ਸਸਤੀ ਬਿਜਲੀ, ਟੈਕਸ ਛੋਟ ਤੋਂ ਇਲਾਵਾ ਸਭ ਤੋਂ ਜ਼ਰੂਰੀ ਸਰਕਾਰੀ ਤੌਰ 'ਤੇ ਉਹ ਫਸਲਾਂ ਖਰੀਦਣ ਦਾ ਯਕੀਨੀਕਰਨ ਸਰਕਾਰ 'ਤੇ ਨਿਰਭਰ ਕਰਦਾ ਹੈ।

ਸਰਕਾਰ ਵੱਲੋਂ ਕੁਝ ਵਸਤਾਂ ਦੀ ਪਛਾਣ ਕਰਨੀ ਜਿਹੜੀਆਂ ਭਾਰਤ ਦੇ ਹੋਰ ਪ੍ਰਾਂਤਾਂ ਜਾਂ ਵਿਦੇਸ਼ਾਂ ਵਿਚ ਵਿਕ ਸਕਦੀਆਂ ਹਨ ਅਤੇ ਫਿਰ ਉਨ੍ਹਾਂ ਨੂੰ ਘੱਟੋ-ਘੱਟ ਸਕਰਥਨ ਕੀਮਤਾਂ 'ਤੇ ਖਰੀਦਣ ਦਾ ਯਕੀਨ ਦਿਵਾਉਣਾ ਸਰਕਾਰ ਹੀ ਕਰ ਸਕਦੀ ਹੈ। ਉੱਦਮੀ ਨੂੰ ਵੀ ਇਹ ਯਕੀਨ ਹੋਵੇ ਕਿ ਉਸ ਦੀ ਲੱਗੀ ਪੂੰਜੀ ਦੀ ਪੂਰੀ ਸਮਰੱਥਾ ਵਰਤੀ ਜਾਵੇਗੀ ਅਤੇ ਉਸ ਦੀ ਇਕਾਈ ਲੰਬਾ ਸਮਾਂ ਕੰਮ ਕਰੇਗੀ। ਉਕਤ ਨੂੰ ਕਰਨ ਨਾਲ ਜਿੱਥੇ ਰੁਜ਼ਗਾਰ ਵਿਚ ਵਾਧਾ ਹੋਵੇਗਾ ਉੱਥੇ ਖੇਤੀ ਵਿਚ ਵਿਭਿੰਨਤਾ ਆਵੇਗੀ ਜਿਸ ਦੀ ਇਸ ਸਮੇਂ ਵੱਡੀ ਲੋੜ ਹੈ।

ਮਈ ਮਹੀਨੇ ਦੇ ਖੇਤੀ ਰੁਝੇਵੇਂ

ਸੰਯੋਜਕ : ਅਮਰਜੀਤ ਸਿੰਘ । **ਸੰਗ੍ਰਹਿ ਕਰਤਾ** : ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਜਸਪਾਲ ਸਿੰਘ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ

ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ ।

ਸ਼ਹਿਦ ਦੀਆਂ ਮੱਖੀਆਂ ਪਾਲਣਾ : ਇਸ ਮੌਸਮ ਵਿੱਚ ਸ਼ਹਿਦ ਦੀਆਂ ਮੱਖੀਆਂ ਨੂੰ ਗਰਮੀ ਤੋਂ ਬਚਾਉਣ ਲਈ ਕਟੁੰਬਾਂ ਨੂੰ ਸੰਘਣੀ ਛਾਂ ਵਿੱਚ ਰੱਖਣ ਦਾ ਪ੍ਰਬੰਧ ਕਰੋ । ਇਸ ਮੰਤਵ ਲਈ ਕਦੀ ਵੀ ਕਟੁੰਬਾਂ ਨੂੰ ਤਿੰਨ ਫੁੱਟ ਤੋਂ ਜ਼ਿਆਦਾ ਨਹੀਂ ਹਿਲਾਉਣਾ ਚਾਹੀਦਾ । ਜੇ ਉਪਰੋਕਤ ਤਰੀਕੇ ਨਾਲ ਕਟੁੰਬਾਂ ਨੂੰ ਛਾਂ ਵਿੱਚ ਲਿਜਾਣ ਲਈ ਜ਼ਿਆਦਾ ਸਮਾਂ ਲੱਗਦਾ ਹੋਵੇ ਤਾਂ ਦੇਰ ਸ਼ਾਮ ਵੇਲੇ ਸਾਰੇ ਕਟੁੰਬਾਂ ਨੂੰ ਬੰਦ ਕਰਕੇ ਤਿੰਨ ਕਿਲੋਮੀਟਰ ਤੋਂ ਦੂਰ ਕਿਸੇ ਹੋਰ ਢੁੱਕਵੀਂ ਜਗ੍ਹਾ ਤੇ ਲੈ ਜਾਵੋ ਅਤੇ ਫਿਰ ਇੱਕ ਹਫਤੇ ਬਾਅਦ ਛਾਂ ਵਾਲੀ ਥਾਂ ਤੇ ਲੈ ਆਵੋ, ਪਰ ਕਟੁੰਬਾਂ ਦੇ ਵਿੱਚ ਆਪਸੀ ਫਾਸਲਾ ਵੱਧ ਤੋਂ ਵੱਧ ਹੋਣਾ ਚਾਹੀਦਾ ਹੈ, ਜਿਸ ਨਾਲ ਡਰਿਫਟਿੰਗ ਅਤੇ ਰੌਬਿੰਗ (ਮੱਖੀਆਂ ਦੁਆਰਾ ਖੁਰਾਕ ਦੀ ਲੁੱਟ) ਸਮੱਸਿਆਵਾਂ ਜੋ ਕਿ ਹੋਰ ਨੁਕਸਾਨ ਤੋਂ ਇਲਾਵਾ ਬਿਮਾਰੀਆਂ ਅਤੇ ਚਿਚੜੀਆਂ ਫੈਲਾਉਣ ਦਾ ਇੱਕ ਕਾਰਣ ਬਣਦੀਆਂ ਹਨ, ਤੋਂ ਬਚਿਆ ਜਾ ਸਕਦਾ ਹੈ । ਪਾਣੀ ਦੀ ਵਧੀ ਹੋਈ ਜ਼ਰੂਰਤ ਨੂੰ ਪੂਰਾ ਕਰਨ ਲਈ ਟਿਊਬਵੈੱਲ ਦੇ ਪਾਣੀ ਵਾਲੇ ਟੈਂਕ ਵਿੱਚ ਛੋਟੀਆਂ-ਛੋਟੀਆਂ ਟਹਿਣੀਆਂ ਜਾਂ ਫੱਟੀਆਂ ਦੇ ਟੁਕੜੇ ਸੁੱਟ ਦਿਉ, ਜਿਨ੍ਹਾਂ ਉੱਪਰ ਬੈਠ ਕੇ ਮੱਖੀਆਂ ਪਾਣੀ ਪੀ ਸਕਣ । ਪਾਣੀ ਦੀ ਜ਼ਰੂਰਤ ਕਲੋਨੀਆਂ ਹੇਠ ਰੱਖੇ ਸਟੈਂਡ ਦੇ ਪਾਵਿਆਂ ਹੇਠ ਪਾਣੀ ਦੇ ਨੂਹਲੇ ਰੱਖ ਕੇ ਵੀ ਪੂਰੀ ਕੀਤੀ ਜਾ ਸਕਦੀ ਹੈ । ਜਿਸ ਦਾ ਇੱਕ ਹੋਰ ਫਾਇਦਾ ਕਟੁੰਬਾਂ ਨੂੰ ਕੀੜਿਆਂ ਤੋਂ ਬਚਾਉਣਾ ਵੀ ਹੈ । ਕਟੁੰਬਾਂ ਨੂੰ ਹਵਾਦਾਰ ਬਨਾਉਣ ਲਈ ਹੇਠਲੇ ਫੱਟੇ ਅਤੇ ਬਰੂਡ ਸਮੱਸਿਆ ਤੋਂ ਬਚਣ ਲਈ ਸ਼ਹਿਦ ਕੱਢਣ ਦੌਰਾਨ ਅਤੇ ਉਪਰੰਤ ਸਾਰੇ ਸਬੰਧਤ ਲੋੜੀਂਦੇ ਇਹਤਿਆਤ ਵਰਤਣੇ ਚਾਹੀਦੇ ਹਨ । ਜੇ ਬਰੂਡ ਉੱਤੇ ਬਾਹਰੀ ਪ੍ਰਜੀਵੀ ਮਾਈਟ (ਟਰੋਪਲੀਲੈਪਸ ਕਲੈਰੀ) ਦਾ ਹਮਲਾ ਨਜ਼ਰ ਆਵੇ ਤਾਂ ਛੱਤਿਆਂ ਦੇ ਉੱਪਰਲੇ ਡੰਡਿਆਂ ਉੱਪਰ ਸਲਫਰ ਦਾ ਧੂੜਾ ਇੱਕ ਗ੍ਰਾਮ ਪ੍ਰਤੀ ਛੱਤੇ ਦੇ ਹਿਸਾਬ ਨਾਲ ਧੂੜੋ । ਵਰੋਆ ਚਿਚੜੀ ਦਾ ਹਮਲਾ ਹੋਣ ਦੀ ਸੂਰਤ ਵਿਚ ਸੀਲ ਡਰੋਨ



ਬਰੂਡ ਵਾਲੇ ਛੱਤਿਆਂ ਦੇ ਹਿੱਸਿਆਂ ਨੂੰ ਕੱਟ ਕੇ ਨਸ਼ਟ ਕਰਨਾ, ਦੇਰ ਸ਼ਾਮ ਨੂੰ ਪੀਸੀ ਖੰਡ ਇਕ ਗ੍ਰਾਮ ਪ੍ਰਤੀ ਛੱਤੇ ਦੇ ਹਿਸਾਬ ਨਾਲ ਫਰੇਮਾਂ ਦੇ ਵਿਚਕਾਰਲੀਆਂ ਵਿੱਥਾਂ ਵਿਚ ਧੂੜਨਾ, ਚਿਪਕਣ ਵਾਲਾ ਕਾਗਜ਼ (ਸਟਿੱਕਰ) ਵਰੋਆ ਬੌਟਮ ਬੋਰਡ ਦੇ ਨਾਲ ਵਰਤਣਾ, ਜਿਹੇ ਗੈਰ-ਰਸਾਇਣਕ ਤਰੀਕੇ ਇਸ ਚਿਚੜੀ ਦੀ ਰੋਕਥਾਮ ਵਾਸਤੇ ਸਹਾਈ ਹੁੰਦੇ ਹਨ । ਬਰੂਡ ਬੀਮਾਰੀਆਂ ਬਾਰੇ ਸੁਚੇਤ ਰਹੋ ਅਤੇ ਇਨ੍ਹਾਂ ਦਾ ਸ਼ੱਕ ਹੋਣ ਦੀ ਸੂਰਤ ਵਿਚ ਝਟਪਟ ਮਾਹਿਰਾਂ ਦੀ ਸਲਾਹ ਲਓ ਅਤੇ ਸੁਝਾਏ ਰੋਕਥਾਮ ਉਪਰਾਲੇ ਕਰੋ । ਗੈਰ-ਰਸਾਇਣਕ ਤਰੀਕਿਆਂ ਨੂੰ ਤਰਜੀਹ ਦਿਓ । ਐਂਟੀਬਾਇਟਿਕ ਦਵਾਈਆਂ ਦੀ ਵਰਤੋਂ ਤੋਂ ਗੁਰੇਜ਼ ਕਰੋ । ਕਟੁੰਬਾਂ ਵਿੱਚ ਢੁੱਕਵੀਂ ਵਿੱਥ ਰੱਖ ਕੇ ਅਤੇ ਸ਼ਹਿਦ ਸਿਰਫ ਸੁਪਰਾਂ ਅੰਦਰਲੇ ਬਰੂਡ ਰਹਿਤ ਛੱਤਿਆਂ ਵਿੱਚੋਂ ਹੀ ਕੱਢ ਕੇ, ਜੋ ਕਿ ਰਾਣੀ ਨਿਖੇੜੂ ਜਾਲੀ ਦੁਆਰਾ ਬਰੂਡ ਚੈਂਬਰ ਨਾਲੋਂ ਅੱਡ ਕੀਤੇ ਹੋਣ, ਸ਼ਹਿਦ ਮੱਖੀ ਫਾਰਮ ਵਿੱਚ ਬਰੂਡ ਚਿਚੜੀਆਂ ਅਤੇ ਬੀਮਾਰੀਆਂ ਦੇ ਫੈਲਾਅ ਨੂੰ ਠੱਲ੍ਹ ਪਾਇਆ ਜਾ ਸਕਦਾ ਹੈ ।



ਚੈਂਬਰ ਦੇ ਵਿਚਕਾਰ ਜਾਂ ਬਰੂਡ ਚੈਂਬਰ ਅਤੇ ਸੁਪਰ ਚੈਂਬਰ ਵਿਚਕਾਰ ਪਤਲੇ ਪਤਲੇ ਡੱਕੇ ਰੱਖ ਕੇ ਝੀਥ ਬਣਾਈ ਜਾ ਸਕਦੀ ਹੈ, ਜਿਸ ਵਿੱਚੋਂ ਹਵਾ ਤਾਂ ਨਿਕਲ ਸਕੇ ਪ੍ਰੰਤੂ ਮੱਖੀ ਨਾ ਨਿਕਲ ਸਕੇ । ਇਸ ਮੌਸਮ ਦੌਰਾਨ ਬਰਸੀਮ ਅਤੇ ਸੂਰਜਮੁਖੀ ਫਸਲਾਂ ਦਾ ਪੱਕਿਆ ਸ਼ਹਿਦ ਕਟੁੰਬਾਂ ਵਿੱਚੋਂ ਕੱਢ ਲੈਣਾ ਚਾਹੀਦਾ ਹੈ । ਰੌਬਿੰਗ ਦੀ ਵਾਢੀ ਤੋਂ ਬਾਅਦ ਤੁੜੀ ਨੂੰ ਸੁੱਕੀ ਜਗ੍ਹਾ ਤੇ ਜਮ੍ਹਾ ਕਰ ਲਉ ਤਾਂ ਜੋ ਸਤੰਬਰ ਮਹੀਨੇ ਵਿਚ ਇਸ ਨੂੰ ਬਟਨ ਖੁੰਬ ਦੀ ਕੰਪੋਸਟ ਤਿਆਰ ਕਰਨ ਲਈ ਵਰਤਿਆ ਜਾ ਸਕੇ । ਗਰਮ ਰੁੱਤ ਖੁੰਬ (ਪਰਾਲੀ ਵਾਲੀ ਖੁੰਬ) ਦੀ ਕਾਸ਼ਤ ਲਈ ਕਮਰਿਆਂ ਨੂੰ ਸਾਫ ਅਤੇ ਕੀਟਾਣੂੰ ਰਹਿਤ ਕਰ ਲਉ । ਪਰਾਲੀ ਖੁੰਬ ਦੀ ਕਾਸ਼ਤ ਲਈ ਪਰਾਲੀ ਦੇ ਪੂਲੇ (1 ਤੋਂ ਡੇਢ ਕਿਲੋ ਦੀ ਵਰਤੋਂ ਕਰੋ) ਗਿੱਲ੍ਹੇ ਕਰੋ ਅਤੇ ਪਰਾਲੀ ਦਾ ਬੈੱਡ ਲਗਾਉ । ਭਿੱਜੇ ਹੋਏ ਪੂਲਿਆਂ ਵਿਚ ਬੀਜ ਪਾ ਕੇ ਕਾਸ਼ਤ ਲਈ ਬੈਡ ਤਿਆਰ ਕਰੋ । ਹਰ ਰੋਜ਼ ਬੈੱਡਾਂ ਅਦੇ ਕਮਰਿਆਂ ਦੇ ਫਰਸ਼ ਉੱਪਰ ਦੋ ਵਾਰ ਪਾਣੀ ਦਾ ਛਿੜਕਾਅ ਕਰੋ । ਰੇਸ਼ਾ ਫੈਲਣ ਦੇ 10-12 ਦਿਨਾਂ ਬਾਅਦ ਖੁੰਬਾਂ ਦੀ ਤੁੜਾਈ ਸ਼ੁਰੂ ਹੋ ਜਾਂਦੀ ਹੈ ਜੋ ਕਿ ਇਕ ਮਹੀਨੇ ਤੱਕ ਚਲਦੀ ਹੈ । ਗਰਮ ਰੁੱਤ ਦੀ ਮਿਲਕੀ ਖੁੰਬ ਦੀ ਕਾਸ਼ਤ ਲਈ ਤੂੜੀ ਨੂੰ ਪਾਣੀ ਵਿਚ ਉਬਾਲ ਕੇ ਠੰਡਾ ਕਰਕੇ ਉਸ ਵਿਚ ਬੀਜ ਮਿਲਾ ਕੇ ਬੈਗਾਂ ਵਿਚ ਭਰਿਆ ਜਾਂਦਾ ਹੈ । ਰੇਸ਼ਾ ਫੈਲਣ (15-18 ਦਿਨ) ਤੋਂ ਬਾਅਦ, ਕੇਸਿੰਗ ਮਿੱਟੀ ਦੀ ਪਰਤ ਵਿਛਾ ਦਿਉ । ਖੁੰਬਾਂ ਦੀ ਤੁੜਾਈ ਜਾਰੀ ਰਹਿਣ (30 ਦਿਨ) ਤੱਕ ਹਰ ਰੋਜ਼ ਦਿਨ ਵਿਚ ਦੋ ਵਾਰ ਪਾਣੀ ਦਾ ਛਿੜਕਾਅ ਕਰੋ ।

ਡੇਅਰੀ ਫਾਰਮਿੰਗ :

1. ਮੱਝਾਂ ਵਿੱਚ ਗਰਮੀ ਦੇ ਮਹੀਨਿਆਂ ਵਿੱਚ ਗੂੰਗੇ ਹੇਹੇ ਦੀ ਮੁਸ਼ਕਿਲ ਆ ਜਾਂਦੀ ਹੈ । ਸਵੇਰੇ-ਸਵੇਰੇ ਅਤੇ ਸ਼ਾਮ ਵੇਲੇ ਹੇਹੇ ਦੀਆਂ ਨਿਸ਼ਾਨੀਆਂ ਨੂੰ ਧਿਆਨ ਨਾਲ ਵੇਖਣਾ ਚਾਹੀਦਾ ਹੈ । ਜੇ ਮੱਝਾਂ ਤਾਰਾਂ ਕਰਦੀਆਂ ਹਨ ਤਾਂ ਇਹ ਹੇਹੇ ਦੀ ਨਿਸ਼ਾਨੀ ਹੈ । ਪਸ਼ੂਆਂ ਨੂੰ ਹੇਹੇ ਵਿਚ ਆਉਣ ਦੇ 10-12 ਘੰਟੇ ਬਾਅਦ ਗਰਭਦਾਨ ਕਰਵਾਓ ।

2. ਜੇ ਪਸ਼ੂਆਂ ਨੂੰ ਗਲ-ਘੋਟੂ ਅਤੇ ਧਫੜੀ ਰੋਗ ਦੇ ਟੀਕੇ ਨਾ ਲਗਵਾਏ ਹੋਣ ਤਾਂ ਇਹ ਬਿਮਾਰੀਆਂ ਵੱਡਾ ਨੁਕਸਾਨ

ਕਰ ਸਕਦੀਆਂ ਹਨ । ਸੋ ਜੇ ਟੀਕੇ ਪਹਿਲਾਂ ਨਹੀਂ ਲਵਾਏ ਤਾਂ ਲਵਾ ਲੈਣੇ ਚਾਹੀਦੇ ਹਨ ।

3. ਪਸ਼ੂਆਂ ਨੂੰ ਚਿੱਚੜਾਂ, ਜੂੰਆਂ ਅਤੇ ਮੱਖੀਆਂ ਤੋਂ ਬਚਾਉਣਾ ਚਾਹੀਦਾ ਹੈ । ਸੋ, ਇਨ੍ਹਾਂ ਦੇ ਖਾਤਮੇ ਲਈ ਡਾਕਟਰ ਦੀ ਸਲਾਹ ਨਾਲ ਦਵਾਈ ਦਾ ਸਹੀ ਇਸਤੇਮਾਲ ਕਰਨਾ ਚਾਹੀਦਾ ਹੈ ।

ਖੁੰਬਾਂ ਦੀ ਕਾਸ਼ਤ : ਕਣਕ ਦੀ

4. ਇਸ ਮੌਸਮ ਵਿੱਚ ਪਸ਼ੂਆਂ ਨੂੰ ਹਵਾਦਾਰ ਸ਼ੈੱਡ ਅੰਦਰ ਰੱਖੋ । ਉਨ੍ਹਾਂ ਨੂੰ ਠੰਢਾ ਅਤੇ ਤਾਜ਼ਾ ਪਾਣੀ ਦਿਉ । ਵਧੇਰੇ ਦੁੱਧ ਦੇਣ ਵਾਲੇ ਪਸ਼ੂਆਂ ਦਾ ਇਸ ਮੌਸਮ ਵਿੱਚ ਖਾਸ ਖਿਆਲ ਰੱਖਣਾ ਚਾਹੀਦਾ ਹੈ । ਜੇ ਲੋੜ ਹੋਵੇ ਤਾਂ ਸ਼ੈੱਡ ਅੰਦਰ ਕੂਲਰ ਅਤੇ ਛੱਤ ਵਾਲੇ ਪੱਖੇ ਮੁਹੱਈਆ ਕਰਨੇ ਚਾਹੀਦੇ ਹਨ ਤਾਂ ਜੋ ਲੋੜੀਂਦਾ ਤਾਪਮਾਨ ਬਰਕਰਾਰ ਰੱਖਿਆ ਜਾ ਸਕੇ ।



5. ਜੇ ਗਰਮੀ ਨਾਲ ਪਸ਼ੂ ਦੀ ਨਕਸੀਰ ਫੁੱਟ ਜਾਵੇ ਤਾਂ ਉਸ ਦਾ ਸਿਰ ਉਪਰ ਚੁੱਕ ਕੇ ਬਰਫ ਵਾਲਾ ਠੰਢਾ ਪਾਣੀ ਸਿਰ ਉੱਪਰ ਪਾਉਣਾ ਚਾਹੀਦਾ ਹੈ ।

6. ਜੇ ਪਸ਼ੂਆਂ ਦਾ ਤਾਪ ਵੱਧਦਾ ਹੋਵੇ ਤਾਂ ਨੇੜੇ ਦੀ ਲੈਬਾਰਟਰੀ ਤੋਂ ਖੂਨ ਟੈਸਟ ਕਰਵਾਉਣਾ ਚਾਹੀਦਾ ਹੈ ।

7. ਪਸ਼ੂਆਂ ਨੂੰ ਖੁਰਾਕ ਠੰਡੇ ਵੇਲੇ, ਭਾਵ ਸਵੇਰੇ ਅਤੇ ਸ਼ਾਮ ਨੂੰ ਪਾਓ ।

ਮੁਰਗੀ ਪਾਲਣ

1. ਪਾਣੀ ਵੀ ਵਧਦੀ ਹੋਈ ਮੰਗ ਦੇਖਦੇ ਹੋਏ ਪਾਣੀ ਵਾਲੇ ਬਰਤਨਾਂ ਦੀ ਗਿਣਤੀ ਦੁੱਗਣੀ ਕਰ ਦੇਣੀ ਚਾਹੀਦੀ ਹੈ । ਪਾਣੀ ਨੂੰ ਜ਼ਿਆਦਾ ਵਾਰੀ ਬਦਲਣਾ ਚਾਹੀਦਾ ਹੈ । ਤਾਂ ਜੋ ਮੁਰਗੀਆਂ ਨੂੰ ਠੰਢਾ ਪਾਣੀ ਮਿਲ ਸਕੇ ।
2. ਸ਼ੈੱਡ ਵਿਚ ਫੁਹਾਰੇ ਅਤੇ ਕੂਲਰ ਲਗਾਓ । ਸ਼ੈੱਡ ਦੇ ਆਲੇ-ਦੁਆਲੇ ਰੁੱਖ ਲਗਾਉਣੇ ਚਾਹੀਦੇ ਹਨ ਕਿਉਂਕਿ ਹਰਿਆਵਲ ਗਰਮੀ ਨੂੰ ਘਟਾਉਂਦੀ ਹੈ ।



ਸ਼ੈੱਡ ਦੀ ਛੱਤ ਨੂੰ ਚਿੱਟੀ ਕਲੀ ਕਰ ਦੇਣੀ ਚਾਹੀਦੀ ਹੈ ਤਾਂ ਜੋ ਗਰਮੀ ਦੇ ਅਸਰ ਨੂੰ ਘੱਟ ਕੀਤਾ ਜਾ ਸਕੇ ।

3. ਖੁਰਾਕ ਵਿੱਚ ਪ੍ਰੋਟੀਨ, ਧਾਤਾਂ, ਇਲੈਕਟਰੋਲਾਈਟ ਅਤੇ ਵਿਟਾਮਿਨ ਦੀ ਮਾਤਰਾ ਵਧਾ ਦੇਣੀ ਚਾਹੀਦੀ ਹੈ ਤਾਂ ਜੋ ਮੁਰਗੀਆਂ ਨੂੰ ਲੋੜੀਂਦੇ ਤੱਤ ਮਿਲ ਸਕਣ ।
4. ਵੱਧ ਰਹੀਆਂ ਪੱਠਾਂ (6-10 ਹਫਤੇ) ਨੂੰ ਦਿਨ ਦੀ ਰੌਸ਼ਨੀ ਹੀ ਦੇਣੀ ਚਾਹੀਦੀ ਹੈ ਪਰ ਅੰਡੇ ਦੇ ਰਹੀਆਂ ਮੁਰਗੀਆਂ ਨੂੰ ਤੜਕੇ ਸਵੇਰੇ ਅਤੇ ਰਾਤ ਨੂੰ ਬਲਬਾਂ ਦੀ ਰੌਸ਼ਨੀ ਦੇ ਕੇ 16 ਘੰਟੇ ਰੌਸ਼ਨੀ ਪੂਰੀ ਕਰ ਦੇਣੀ ਚਾਹੀਦੀ ਹੈ ।
5. ਛੱਤ ਉੱਪਰ ਸਰਕੰਡੇ ਦੀ 2 ਇੰਚ ਮੋਟੀ ਤਹਿ ਵਿਛਾਉ ਤਾਂ ਜੋ ਸ਼ੈੱਡ ਅੰਦਰਲੇ ਤਾਪਮਾਨ ਨੂੰ ਘਟਾਇਆ ਜਾ ਸਕੇ ।
6. 6-8 ਹਫਤੇ ਦੀ ਉਮਰ ਤੇ ਪੱਠਾਂ ਨੂੰ ਰਾਣੀ ਖੇਤ ਦੇ ਆਰ-2 ਬੀ ਟੀਕੇ ਲਗਾਉਣੇ ਚਾਹੀਦੇ ਹਨ । ਇਹ ਦਵਾਈ ਪਾਣੀ ਜਾਂ ਲੱਸੀ ਵਿੱਚ ਨਹੀਂ ਪਿਲਾਉਣੀ ਚਾਹੀਦੀ । ਟੀਕੇ ਲੱਗੀਆਂ ਮੁਰਗੀਆਂ ਨੂੰ ਵਿਟਾਮਿਨ ਪਾਣੀ ਵਿੱਚ ਦੇਣੇ ਚਾਹੀਦੇ ਹਨ ਤਾਂ ਜੋ ਟੀਕਿਆਂ ਦੇ ਮਾੜੇ ਅਸਰ ਨੂੰ ਘਟਾਇਆ ਜਾ ਸਕੇ ।
7. ਜੇ ਅੰਡਿਆਂ ਦੀ ਪੈਦਾਵਾਰ ਵਿੱਚ ਅਚਾਨਕ ਗਿਰਾਵਟ ਆ ਜਾਵੇ ਤਾਂ ਮੁਰਗੀਆਂ ਦੇ ਮਾਹਿਰ ਨਾਲ ਸੰਪਰਕ ਕਰਨਾ ਚਾਹੀਦਾ ਹੈ ।
8. ਸੁੱਕ ਵਿਧੀ ਸਿਸਟਮ ਵਿੱਚ ਮੁਰਗੀਆਂ ਨੂੰ ਸਮੇਂ ਸਿਰ ਮਲ੍ਹੱਪ ਰਹਿਤ ਕਰੋ ।
9. ਮੁਰਗੀਆਂ ਨੂੰ ਖੁਰਾਕ ਠੰਡੇ ਸਮੇਂ ਭਾਵ ਸਵੇਰੇ ਅਤੇ ਸ਼ਾਮ ਨੂੰ ਪਾਓ ਅਤੇ ਫੀਡ ਵਿਚ ਤੇਲ ਦੀ ਮਾਤਰਾ 1-2% ਤੱਕ ਵਧਾ ਦਿਓ ਤਾਂ ਜੋ ਗਰਮੀਆਂ ਵਿਚ ਊਰਜਾ ਦੀ ਲੋੜ ਨੂੰ ਪੂਰਾ ਕੀਤਾ ਜਾ ਸਕੇ । ਛੱਤ ਉੱਪਰ ਪਾਣੀ ਦੀ ਟੈਂਕੀ ਪੂਰੀ ਨਾ ਭਰੋ । ਪਾਣੀ ਵਿਚ 250 ਮਿਲੀਲਿਟਰ ਸਿਰਕਾ ਅਤੇ 120 ਮਿਲੀਲਿਟਰ ਸੈਨੀਟਾਈਜ਼ਰ 100 ਲਿਟਰ ਪਾਣੀ ਵਿਚ ਪਾਓ ਜੋ ਬਿਮਾਰੀ ਪੈਦਾ ਕਰਨ ਵਾਲੇ ਕੀਟਾਣੂਆਂ ਦਾ ਖਾਤਮਾ ਕੀਤਾ ਜਾ ਸਕੇ ਅਤੇ 10 ਗ੍ਰਾਮ ਨਸ਼ਾਦਰ 100 ਲਿਟਰ ਪਾਣੀ ਵਿਚ ਪਾਓ ਤਾਂ ਜੋ ਪਾਣੀ ਵਿਚ ਠੰਡਕ ਪੈਦਾ ਕੀਤੀ ਜਾ ਸਕੇ ।
10. ਸ਼ੈੱਡ ਦਾ ਤਾਪਮਾਨ ਦੇਖਦੇ ਰਹੋ ।

ਧਰਤੀ ਦੀ ਹੰਢਣਸਾਰਤਾ ਦਾ ਸਵਾਲ

ਅਰੁਣ ਮੈਰਾ, ਸਾਬਕਾ ਮੈਂਬਰ ਯੋਜਨਾ ਕਮਿਸ਼ਨ

ਹਾਲ ਹੀ ਵਿਚ 'ਗ੍ਰੇਟ ਇੰਡੀਅਨ ਬਸਟਰ' (ਭਾਰਤ ਦੇ ਉੱਤਰ-ਪੱਛਮੀ ਇਲਾਕਿਆਂ ਦਾ ਪੰਛੀ ਜਿਸ ਨੂੰ ਸੋਨ ਚਿੜੀ ਵੀ ਕਿਹਾ ਜਾਂਦਾ ਹੈ) ਦੇ ਕੇਸ ਸਬੰਧੀ ਸੁਣਾਏ ਫੈਸਲੇ ਵਿਚ ਸੁਪਰੀਮ ਕੋਰਟ ਨੇ ਲੋਕਾਂ ਨੂੰ ਜਲਵਾਯੂ ਤਬਦੀਲੀ ਦੇ ਉਲਟ ਪ੍ਰਭਾਵਾਂ ਤੋਂ ਮੁਕਤ ਹੋਣ ਦੇ ਹੱਕ ਨੂੰ ਮਾਨਤਾ ਦਿੱਤੀ ਹੈ। ਨੀਤੀ ਘਾੜਿਆਂ ਅਤੇ ਨਵਿਆਉਣਯੋਗ ਊਰਜਾ ਢਾਂਚੇ ਦੇ ਨਿਰਮਾਣਕਾਰਾਂ ਨੇ ਇਸ ਫੈਸਲੇ 'ਤੇ ਮਾਯੂਸੀ ਜਤਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੱਜ ਵਿਗਿਆਨਕ ਮਾਹਿਰਾਂ ਦੀ ਰਾਇ ਨੂੰ ਦਰਕਿਨਾਰ ਕਰ ਕੇ ਜਲਵਾਯੂ ਤਬਦੀਲੀ ਨੂੰ ਮੋੜਾ ਦੇਣ ਵਾਲੇ ਬੁਨਿਆਦੀ ਢਾਂਚੇ ਦੇ ਨਿਰਮਾਣ ਕਾਰਜ ਵਿਚ ਦੇਰੀ ਦਾ ਸਬਬ ਬਣ ਰਹੇ ਹਨ। ਅਦਾਲਤ ਦਾ ਮੰਨਣਾ ਹੈ ਕਿ ਜਲਵਾਯੂ ਤਬਦੀਲੀ ਨੇ ਅਧਿਕਾਰ ਖੇਤਰ ਬਹੁਤ ਵਸੀਹ ਕਰ ਦਿੱਤਾ ਹੈ। ਇਸ ਦਾ ਹੱਲ ਉਸੇ ਸੋਚ ਨਾਲ ਕੀਤਾ ਜਾ ਸਕਦਾ ਜਿਸ ਨੇ ਇਹ ਸਮੱਸਿਆ ਪੈਦਾ ਕੀਤੀ ਹੈ। ਜਲਵਾਯੂ ਤਬਦੀਲੀ ਦੀ ਪੈਦਾ ਕੀਤੀ ਹੋਂਦ ਦੀ ਸਮੱਸਿਆ ਨੂੰ ਪੂੰਜੀਵਾਦੀ ਅਰਥ ਸ਼ਾਸਤਰ ਅਤੇ ਗੈਰ-ਟਿਕਾਊ ਸਾਇੰਸ ਦੇ ਪ੍ਰਚੱਲਤ ਬੌਧਿਕ ਸ਼ਾਸਤਰ ਅਤੇ ਗੈਰ-ਟਿਕਾਊ ਸਾਇੰਸ ਦੇ ਪ੍ਰਚੱਲਤ ਬੌਧਿਕ ਚੌਖਟਿਆਂ ਨਾਲ ਸਮਝਿਆ ਤੇ ਹੱਲ ਨਹੀਂ ਕੀਤਾ ਜਾ ਸਕਦਾ।

ਪੂੰਜੀਵਾਦੀ ਅਰਥਚਾਰਿਆਂ ਵਿਚ ਕੁਦਰਤੀ ਪੂੰਜੀ ਮਾਲਕ ਦੀ ਸੰਪਤੀ ਗਿਣੀ ਜਾਂਦੀ ਹੈ। ਰਾਜੇ/ਰਾਣੇ ਜਲ, ਜੰਗਲ ਤੇ ਜ਼ਮੀਨ ਅਤੇ ਉਨ੍ਹਾਂ ਦੀਆਂ ਜਗੀਰਾਂ ਵਿਚ ਰਹਿਣ ਵਾਲ ਸਾਰੇ ਜੀਵਾਂ ਦੇ ਵੀ ਮਾਲਕ ਅਖਵਾਉਂਦੇ ਹਨ। ਇਸ ਤੋਂ ਇਲਾਵਾ ਉਹ ਉਨ੍ਹਾਂ ਦੀਆਂ ਜ਼ਮੀਨਾਂ 'ਤੇ ਰਹਿੰਦੇ ਅਤੇ ਕੰਮ ਕਰਦੇ ਕਾਮਿਆਂ ਤੇ ਗੁਲਾਮਾਂ ਦੀ ਉਪਰ ਦੇ ਵੀ ਮਾਲਕ ਹੁੰਦੇ ਹਨ। ਜਿਹੜੇ ਰਜਵਾੜੇ ਆਪਣੀਆਂ ਜ਼ਮੀਨਾਂ 'ਤੇ ਆਪ ਵੀ ਰਹਿੰਦੇ ਸਨ ਅਤੇ ਲੋਕਾਂ ਨੂੰ ਮਿਲਦੇ ਗਿਲਦੇ ਸਨ, ਉਹ ਜੰਗਲਾਂ ਤੇ ਫਸਲਾਂ ਨੂੰ ਵਧਦਾ ਫੁੱਲਦਾ, ਉਨ੍ਹਾਂ ਦੇ ਕਾਮਿਆਂ ਨੂੰ ਪਸੀਨਾ ਸਨ; ਉਥੋਂ ਦੂਰ ਦੁਰਾਡੇ ਰਹਿਣ ਵਾਲੇ ਜਗੀਰਦਾਰਾਂ ਨੂੰ ਇਸ ਦੀ ਕੋਈ ਪ੍ਰਵਾਹ ਨਹੀਂ ਹੁੰਦੀ ਸੀ। ਉਨ੍ਹਾਂ ਨੂੰ ਸਿਰਫ ਆਪਣੇ ਮੁਨਾਫੇ/ਲਗਾਨ ਦੀ ਪ੍ਰਵਾਹ ਹੁੰਦੀ ਸੀ, ਸੋਕੇ ਜਾਂ ਹੜ੍ਹ ਕਾਰਨ ਹੋਣ ਵਾਲੇ ਨੁਕਸਾਨ ਜਾਂ ਆਪਣੇ ਕਾਮਿਆਂ ਦੀ ਮਾੜੀ ਦਸ਼ਾ ਨਾਲ ਉਨ੍ਹਾਂ ਦਾ ਕੋਈ ਵਜੋਂ ਵਾਸਤਾ ਨਹੀਂ ਹੁੰਦਾ ਸੀ।

ਫਿਰ ਜਦੋਂ ਜਿਨਸ ਮੰਡੀਆਂ ਦਾ ਵਿਕਾਸ ਹੋਇਆ ਤਾਂ ਪਸ਼ੂਆਂ, ਖੇਤੀ ਜਿਨਸਾਂ, ਲੱਕੜ, ਖਣਿਜ ਪਦਾਰਥ ਆਦਿ ਪੈਸੇ ਨਾਲ ਖਰੀਦੇ ਵੇਚੇ ਜਾਣ ਲੱਗੇ। ਇਨ੍ਹਾਂ ਦੀਆਂ ਕੀਮਤਾਂ ਵਪਾਰੀ ਤੈਅ ਕਰਦੇ ਅਤੇ ਕੁਦਰਤੀ ਸੰਪਦਾ ਨੂੰ ਵਿੱਤੀ ਪੂੰਜੀ ਦਾ ਰੂਪ ਦਿੰਦੇ। ਵਿੱਤੀ ਮੰਡੀਆਂ ਨੇ ਪੂੰਜੀਪਤੀਆਂ ਦਾ ਨਵਾਂ ਵਰਗ ਪੈਦਾ ਕਰ ਦਿੱਤਾ ਜੋ ਗੈਰ-ਹਾਜ਼ਰ ਰਜਵਾੜਿਆਂ ਨਾਲੋਂ ਵੀ ਜ਼ਿਆਦਾ ਹਕੀਕਤ ਤੋਂ ਟੁੱਟੇ ਹੁੰਦੇ ਹਨ ; ਜੋ ਜਿਣਸ ਅਤੇ ਸ਼ੇਅਰ ਬਜ਼ਾਰਾਂ ਦੀਆਂ ਕੀਮਤਾਂ ਦੇ ਚਾਰਟ ਪੜ੍ਹ ਕੇ ਹੀ ਦੁਨੀਆਂ ਦੇ ਹਾਲਾਤ ਦਾ ਅੰਦਾਜ਼ਾ ਲਾਉਂਦੇ ਹਨ। ਕਿਰਤ ਜਦੋਂ ਜ਼ਮੀਨ ਨਾਲੋਂ ਟੁੱਟ ਕੇ ਫੈਕਟਰੀਆਂ ਵਿਚ ਚਲੀ ਗਈ ਤਾਂ ਕਾਮਿਆਂ ਨੂੰ ਫੈਕਟਰੀਆਂ ਵਿਚ ਬਿਤਾਏ ਸਮੇਂ ਬਦਲੇ ਉਜਰਤ ਮਿਲਣ ਲੱਗੀ। ਉਨ੍ਹਾਂ ਦਾ ਹੁਨਰ ਅਤੇ ਕਿਰਤ ਜਿਣਸਾਂ ਦਾ ਰੂਪ ਬਣਾ ਦਿੱਤੀ ਗਈ ਜਿਸ ਨੂੰ ਫੈਕਟਰੀ ਮਾਲਕ ਕੀਮਤ ਤਾਰ ਕੇ ਖਰੀਦ ਸਕਦੇ ਹਨ।

ਸੰਪਤੀ ਦੇ ਅਧਿਕਾਰ ਅਰਥ ਸ਼ਾਸਤਰ ਅਤੇ ਨਿਆਂ ਸ਼ਾਸਤਰ ਦਾ ਪੁਰਾਤਨ ਸਿਧਾਂਤ ਹਨ। ਕਾਫੀ ਅਰਸੇ ਬਅਦ ਗੁਲਾਮ ਦੇ ਖਾਤਮੇ, ਕੰਮ ਬਦਲੇ ਵਾਜਿਬ ਉਜਰਤ ਦੇਣ ਅਤੇ ਸੁਰੱਖਿਅਤ ਕੰਮਕਾਜੀ ਮਾਹੌਲ ਲਈ ਸਿਆਸੀ ਲਹਿਰਾਂ ਜੋ ਅਕਸਰ ਹਿੰਸਕ ਵੀ ਹੋ ਜਾਂਦੀਆਂ ਸਨ, ਚੱਲਣ ਤੋਂ ਬਅਦ ਮਨੁੱਖੀ ਅਧਿਕਾਰਾਂ ਨੂੰ ਮਾਨਤਾ ਮਿਲੀ। ਇੱਕੀਵੀਂ ਸਦੀ ਵਿਚ ਗਿਗ ਕੰਮਕਾਜ, ਕਿਰਤ ਨੂੰ ਮੁੜ ਜਿਣਸ ਬਣਾਉਣ ਦਾ ਜ਼ਰੀਆ ਹੈ ਜਿੱਥੇ ਮੰਗ ਅਨੁਸਾਰ ਕਾਮੇ ਰੱਖੇ ਜਾਂਦੇ ਹਨ, ਕੀਤੇ ਕੰਮ ਬਦਲੇ ਉਜਰਤ ਦਿੱਤੀ ਜਾਂਦੀ ਹੈ ਅਤੇ ਕੋਈ ਸਮਾਜਕ ਸੁਰੱਖਿਆ ਨਹੀਂ ਦਿੱਤੀ ਜਾਂਦੀ। ਇਹ ਤਰੀਕਾ ਕਾਰੋਬਾਰੀਆਂ ਲਈ ਫਾਇਦੇਮੰਦ ਹੈ ਪਰ ਲੋਕਾਂ ਲਈ ਮਾੜਾ ਹੈ। ਗੈਰੇਟ ਹਾਰਡਿਨ ਨੇ ਆਪਣੀ ਕਿਤਾਬ 'ਟ੍ਰੈਜਡੀ ਆਫ ਕਾਮਨਜ਼' ਵਿਚ ਨਿੱਜੀਕਰਨ ਦੀ ਵਿਚਾਰਧਾਰਾ ਦੀ ਪੜਚੋਲ ਕੀਤੀ ਹੈ। ਇਸ ਦਾ ਸਿਧਾਂਤ ਇਹ ਹੈ ਕਿ ਜਿਹੜੀ ਸੰਪਤੀ ਸਭਨਾਂ ਦੀ ਸਾਂਝੀ ਹੁੰਦੀ ਹੈ, ਉਸ ਦੀ ਕੋਈ ਵੀ ਦੇਖਭਾਲ ਨਹੀਂ ਕਰਦਾ। ਇਸ ਲਈ ਜ਼ਿਆਦਾ ਲਾਭ ਕਮਾਉਣ ਲਈ ਸਾਂਝੀ ਸੰਪਤੀ ਦਾ ਇਕ ਹਿੱਸਾ ਕੁਸ਼ਲ ਪ੍ਰਬੰਧਨ ਲਈ ਪ੍ਰਾਈਵੇਟ ਮਾਲਕਾਂ ਨੂੰ ਸੌਂਪ ਦਿੱਤਾ ਜਾਣਾ ਚਾਹੀਦਾ ਹੈ। ਸਭਨਾਂ ਨਾਲ ਜੁੜੇ ਆਲਮੀ ਵਾਤਾਵਰਨ ਦੇ ਨੁਕਸਾਨ ਕਰ ਕੇ ਆਮ ਲੋਕਾਂ ਨਾਲ ਆਲਮੀ ਪੱਧਰ 'ਤੇ ਤ੍ਰਾਸਦੀ ਵਾਪਰੀ ਹੈ ਅਤੇ ਇਸ ਨੂੰ ਸੰਪਤੀ ਦੇ ਹੋਰ ਜ਼ਿਆਦਾ ਨਿੱਜੀਕਰਨ ਨਾਲ ਹੱਲ ਨਹੀਂ ਕੀਤਾ ਜਾ ਸਕਦਾ। ਆਲਮੀ ਪੱਧਰ 'ਤੇ ਆਮ ਲੋਕਾਂ ਨਾਲ ਵਾਅਦੇ ਦੀ ਪ੍ਰਾਪਤੀ ਨਹੀਂ, ਸ਼ਾਸਨ ਦੇ ਨਵੇਂ ਸਿਧਾਂਤ ਦੀ ਜ਼ਰੂਰਤ ਹੈ।



ਸਤਾਰਵੀਂ ਸਦੀ ਵਿਚ ਯੂਰੋਪੀਅਨ ਜਾਗ੍ਰਿਤੀ ਦੇ ਉਥਾਨ ਸਮੇਂ ਫਰਾਂਸਿਸ ਬੇਕਨ ਨੇ ਫੜ੍ਹ ਮਾਰੀ ਸੀ ਕਿ ਵਿਗਿਆਨ ਇਨਸਾਨ ਨੂੰ ਬੇਮੁਹਾਰ ਕੁਦਰਤ 'ਤੇ ਕਾਬੂ ਪਾਉਣ ਦੀ ਸ਼ਕਤੀ ਦੇਵੇਗਾ। ਭੌਤਿਕ, ਰਸਾਇਣ ਅਤੇ ਜੀਵ ਵਿਗਿਆਨ ਵਿੱਚ ਵਿਗਿਆਨਕ ਖੋਜਾਂ ਕਰਕੇ ਧਰਤੀ ਦੀ ਖੋਜ ਕਰਨ ਲਈ ਸ਼ਕਤੀਸ਼ਾਲੀ ਔਜ਼ਾਰ ਪੈਦਾ ਹੋਏ ਹਨ ਜਿਨ੍ਹਾਂ ਨਾਲ ਮਨੁੱਖਤਾ ਦੀ ਪਦਾਰਥਕ ਤਰੱਕੀ ਵਿਚ ਮਦਦ ਮਿਲੇਗੀ ਅਤੇ ਤਕਨੀਕੀ ਤੌਰ 'ਤੇ ਉਨਤ ਦੇਸ਼ 'ਤੇ ਰਸ਼ਕ ਹੋਵੇਗਾ ਜੋ ਆਪਣੇ ਨਾਗਰਿਕਾਂ ਦੀ ਪਦਾਰਥਕ ਤਰੱਕੀ ਕਰਨਗੇ। ਕੁਦਰਤੀ ਸਰੋਤਾਂ ਦੀ ਹੱਦੋਂ ਵੱਧ ਵਰਤੋਂ ਤੇ ਧਰਤੀ ਦੀ ਸਿਹਤ ਵਿਗਾੜ ਦਿੱਤੀ ਹੈ। ਇੰਝ, ਤਕਨੀਕ ਦੇ ਘਮੰਡ ਵਿਚ ਇਨਸਾਨ ਨੇ ਸਾਡੇ ਗ੍ਰਹਿ ਦੀ ਹੰਢਣਸਾਰਤਾ ਅਤੇ ਲੋਕਾਂ ਦੀ ਆਪਸੀ ਇਕਸੁਰਤਾ ਨੂੰ ਤਬਾਹ ਕਰ ਦਿੱਤਾ ਹੈ।

ਆਧੁਨਿਕ ਵਿਗਿਆਨ ਨੇ ਵੱਖ-ਵੱਖ ਢਾਂਚਿਆਂ ਦੀਆਂ ਰੁੰਝਲਾਂ ਨੂੰ ਛੋਟੇ-ਛੋਟੇ ਹਿੱਸਿਆਂ 'ਚ ਤੋੜਿਆ ਹੈ। ਮਾਹਿਰਾਂ ਵੱਲੋਂ ਵੱਖੋ-ਵੱਖਰੇ ਵਿਗਿਆਨਾਂ ਨੂੰ ਬਿਹਤਰ ਕੀਤਾ ਗਿਆ ਹੈ ਜੋ ਬਾਰੀਕ ਤੋਂ ਬਾਰੀਕ ਚੀਜ਼ ਬਾਰੇ ਵੱਧ ਤੋਂ ਵੱਧ ਜਾਣਕਾਰੀ ਇਕੱਠੀ ਕਰ ਰਹੇ ਹਨ, ਕਿਸੇ ਵੀ ਪੂਰੀ ਹਕੀਕਤ ਦਾ ਨਹੀਂ ਪਤਾ। ਆਧੁਨਿਕ ਵਿਗਿਆਨ ਨੇ ਸਰੀਰ ਦੇ ਵੱਖ-ਵੱਖ ਅੰਗਾਂ ਦੀ ਮੁਰੰਮਤ ਲਈ ਚਮਤਕਾਰੀ ਦਵਾਈਆਂ ਤੇ ਸਰਜਰੀਆਂ ਖੋਜ ਲਈਆਂ ਹਨ। ਰੋਗਗ੍ਰਸਤ ਅੰਗ ਦੇ ਇਲਾਜ ਦੇ 'ਸਾਈਡ ਇਫੈਕਟਸ' (ਮਾੜੇ ਅਸਰ) ਦੂਜੇ ਅੰਗਾਂ ਨੂੰ ਨੁਕਸਾਨ ਪਹੁੰਚਾ ਕੇ ਮਰੀਜ਼ ਦੀ ਹਾਲਤ ਹੋਰ ਵੀ ਬਦਤਰ ਕਰ ਦਿੰਦੇ ਹਨ। ਚੰਗੀ ਸਿਹਤ ਲਈ ਅਜਿਹੇ ਹਰਫਨਮੌਲਾ ਸਿਹਤ ਮਾਹਿਰਾਂ ਦੀ ਲੋੜ ਹੈ ਜੋ ਬੰਦੇ ਦੇ ਸਰੀਰ ਅਤੇ ਮਨ ਨੂੰ ਸਮਝ ਸਕਣ।

ਅਰਥ ਸ਼ਾਸਤਰ ਪਿਛਲੀ ਸਦੀ ਵਿਚ ਬਾਕੀ ਸਮਾਜ ਵਿਗਿਆਨਾਂ ਨਾਲੋਂ ਟੁੱਟ ਕੇ ਵੱਖ ਹੋ ਗਿਆ ਤੇ ਬਾਕੀ ਸਾਰੇ ਵਿਗਿਆਨਾਂ ਆਪੋ-ਆਪਣੇ ਕੋਠਿਆਂ 'ਚ ਵੜ ਗਏ। ਅਰਥ ਸ਼ਾਸਤਰ ਕੁਦਰਤੀ ਤੇ ਮਨੁੱਖੀ ਸਰੋਤਾਂ ਦੀ ਉਤਪਾਦਕਤਾ 'ਤੇ ਧਿਆਨ ਕੇਂਦਰਤ ਕਰਦਾ ਹੈ ਤਾਂ ਕਿ ਜੀ ਡੀ ਪੀ ਵਧਾਈ ਜਾਵੇ। ਅਰਥ ਸ਼ਾਸਤਰੀ ਜਾਣਦੇ ਹਨ ਕਿ ਅਰਥਚਾਰੇ ਦਾ ਭੌਤਿਕ ਦਾਇਰਾ ਕਿਵੇਂ ਵਧਾਉਣਾ ਹੈ ਪਰ ਉਹ ਤਰੱਕੀ ਦੇ ਨਾਲ-ਨਾਲ ਅਰਥਚਾਰੇ 'ਚ ਹਿੱਸੇਦਾਰੀ ਨੂੰ ਵਾਜਿਬ ਜਾਂ ਬਰਾਬਰ ਰੱਖਣਾ ਅਤੇ ਕੁਦਰਤੀ ਸਰੋਤਾਂ ਨੂੰ ਨਵਿਆਉਣਾ ਨਹੀਂ ਜਾਣਦੇ। ਦੂਜੇ ਵਿਗਿਆਨੀਆਂ ਵਾਂਗ ਅਰਥ ਸ਼ਾਸਤਰੀ ਵੀ ਕਿਸੇ ਤੰਤਰ ਅੰਦਰਲੀਆਂ ਤਾਕਤਾਂ ਵਿਚਾਲੇ ਗੈਰ-ਰਵਾਇਤੀ ਸਬੰਧ ਲੱਭਦੇ ਹਨ : ਉਨ੍ਹਾਂ ਨੂੰ ਲੱਗਦਾ ਹੈ ਕਿ ਸਾਰੀਆਂ ਸ਼ਕਤੀਆਂ ਦਾ ਮੂੰਹ ਇਕੋ ਦਿਸ਼ਾ ਵੱਲ ਹੈ। ਆਧੁਨਿਕ ਵਿਗਿਆਨਕ ਪਹੁੰਚ ਉਨ੍ਹਾਂ ਤਾਕਤਾ ਨੂੰ ਨਹੀਂ ਸਮਝ ਸਕਦੀ ਜੋ ਇਕ-ਦੂਜੇ ਉੱਤੇ ਨਿਰਭਰ ਹੋ ਕੇ ਉੱਭਰਦੀਆਂ ਹਨ ਤੇ ਇਨ੍ਹਾਂ ਦੇ ਇਕ-ਦੂਜੇ ਨਾਲ ਕਾਰਨ ਤੇ ਅਸਰ ਦੇ ਪੱਖ ਤੋਂ ਕੌਲਾਕਾਰ ਸਬੰਧ ਹੁੰਦੇ ਹਨ।

ਜਿਹੜੇ ਅਰਥ ਸ਼ਾਸਤਰੀ ਮਨੁੱਖੀ ਵਿਕਾਸ ਸੂਚਕ ਅੰਕ ਦੀ ਬਿਹਤਰੀ ਲਈ ਵੱਧ ਸਰੋਤ ਪੈਦਾ ਕਰਨ ਖਾਤਿਰ ਪਹਿਲਾਂ ਜੀ ਡੀ ਪੀ ਵਧਾਉਣ ਅਤੇ ਮਗਰੋਂ ਵਾਤਾਵਰਣ ਸਥਿਰਤਾ ਵੱਲ ਰੁੱਖ ਕਰਨ ਦੀ ਗੱਲ ਕਰਦੇ ਹਨ, ਉਹ ਇਹ ਦੇਖਣ ਵਿਚ ਨਾਕਾਮ ਹਨ ਕਿ ਆਰਥਿਕ ਤਰੱਕੀ ਲਈ ਮੁੱਢਲੀਆਂ ਲੋੜਾਂ ਮਨੁੱਖੀ ਵਿਕਾਸ ਤੇ ਵਿਕਾਊ ਕੁਦਰਤੀ ਸਰੋਤ ਹਨ ਤੇ ਇਹ ਹਮੇਸ਼ਾਂ ਇਸ ਦੀ ਬੁਨਿਆਦ ਬਣੇ ਰਹਿਣਗੇ। ਮਿੱਟੀ, ਜਲ ਪ੍ਰਣਾਲੀ ਤੇ ਬੂਟਿਆਂ, ਜਾਨਵਰਾਂ ਅਤੇ ਕੀਟਾਂ ਦੇ ਨਾਲ-ਨਾਲ, ਮਨੁੱਖ ਵੀ ਕੁਦਰਤ ਦੇ ਗੁੰਝਲਦਾਰ ਤੰਤਰ ਦਾ ਹਿੱਸਾ ਹੈ। ਟਿਕਾਊ ਵਿਕਾਸ ਲਈ ਸਾਰਿਆਂ ਦੀ ਸਰੀਰਕ-ਮਾਨਸਿਕ ਤੰਦਰੁਸਤੀ ਯਕੀਨੀ ਬਣਾਉਣੀ ਜ਼ਰੂਰੀ ਹੈ। ਜਿਹੜੇ ਕੁਦਰਤ ਪ੍ਰੇਮੀ ਸੰਪੂਰਨ ਢਾਂਚੇ ਦੇ ਕੇਵਲ ਇਕ ਹਿੱਸੇ 'ਤੇ ਧਿਆਨ ਦੇਣ ਦੀ ਗੱਲ ਕਰਦੇ ਹਨ ਤੇ ਜ਼ਿਆਦਾ ਦਰੱਖਤ ਲਾਉਣ ਦੀ ਵਕਾਲਤ ਕਰਦੇ ਹਨ ਜਾਂ ਬਾਘ ਵਰਗੀ ਸਿਰਫ ਇੱਕੋ ਨਸਲ ਬਚਾਉਣ ਦਾ ਪੱਖ ਪੂਰਦੇ ਹਨ, ਉਹ ਪੂਰੀ ਪ੍ਰਣਾਲੀ ਦੇ ਵਿਆਪਕ ਦ੍ਰਿਸ਼ਟੀਕੋਣ ਨੂੰ ਅੱਗੇ ਨਹੀਂ ਰੱਖ ਰਹੇ; ਤੇ ਜਿਹੜੇ ਲੋਕ ਚਾਹੁੰਦੇ ਹਨ ਕਿ ਜੰਗਲਾਤ ਤੇ ਬਾਘਾਂ ਦੀ ਰਾਖੀ ਲਈ ਗਰੀਬਾਂ ਨੂੰ ਸਾਂਝੀ ਧਰਤ ਤੋਂ ਬਾਹਰ ਕੱਢਿਆ ਜਾਵੇ, ਉਨ੍ਹਾਂ ਨੂੰ ਇਹ ਦਿਸ ਰਿਹਾ ਕਿ ਮਨੁੱਖ ਵੀ ਇਸ ਢਾਂਚੇ ਦਾ ਅਨਿੱਖੜ ਅੰਗ ਹਨ। ਟਿਕਾਊ ਢਾਂਚਾ ਵਿਕਸਿਤ ਕਰਨ ਲਈ ਅਜਿਹੇ ਵਿਗਿਆਨਕ ਹੱਲ ਸੁਝਾਉਣੇ ਅਣਮਨੁੱਖੀ ਹਨ।

ਵੱਖੋ-ਵੱਖਰੇ ਦ੍ਰਿਸ਼ਟੀਕੋਣਾਂ ਨੂੰ ਸੁਣ ਕੇ ਹੀ ਗੁੰਝਲਦਾਰ ਪ੍ਰਣਾਲੀਆਂ ਨੂੰ ਸਮਝਿਆ ਜਾ ਸਕਦਾ ਹੈ। ਕਾਨੂੰਨ-ਵਿਵਸਥਾ ਅਤੇ ਜਲਦੀ ਨਿਆਂ ਹੀ ਵਿੱਤੀ ਨਿਵੇਸ਼ਕਾਂ ਤੇ ਨਾਗਰਿਕਾਂ ਨੂੰ ਕਿਸੇ ਮੁਲਕ ਵੱਲ ਖਿੱਚਦੇ ਹਨ; ਹਾਲਾਂਕਿ ਨਿਵੇਸ਼ਕਾਂ ਤੇ ਨਾਗਰਿਕਾਂ ਦੀਆਂ ਲੋੜਾਂ ਵੱਖ-ਵੱਖ ਹੁੰਦੀਆਂ ਹਨ, ਇਸ ਲਈ ਕਾਨੂੰਨ ਦੀ ਪਰਿਭਾਸ਼ਾ ਵੀ ਵੱਖ-ਵੱਖ ਹੋਵੇਗੀ। ਚੰਗੀ ਸ਼ਾਸਨ ਪ੍ਰਣਾਲੀ ਤੇ ਸਾਰਿਆਂ ਨੂੰ ਇਨਸਾਫ ਦੇਣ ਲਈ ਜ਼ਰੂਰੀ ਹੈ ਕਿ ਸ਼ਾਸਨ ਕਰਨ ਵਾਲੇ ਲੋਕਾਂ ਨੂੰ ਲਗਾਤਾਰ ਸੁਣਨ। ਅਦਾਲਤਾਂ ਅਤੇ ਮਾਹਿਰ ਆਪਣੇ ਸੀਮਤ ਦਾਇਰੇ ਕਾਰਨ ਨਾਗਰਿਕਾਂ ਵਿਚਾਲੇ ਸਰਬਸੰਮਤੀ ਨਹੀਂ ਬਣਾ ਸਕਦੇ। ਅੱਡ-ਅੱਡ ਜ਼ਰੂਰਤਾਂ ਰੱਖਦੇ ਨਾਗਰਿਕਾਂ ਨੂੰ ਇਹ ਸਹਿਮਤੀ ਬਣਾਉਣ ਲਈ ਇਕ-ਦੂਜੇ ਦੀ ਸੁਣਨੀ ਚਾਹੀਦੀ ਹੈ ਕਿ ਉਹ ਆਪਣੇ ਲਈ ਕਿਸ ਤਰ੍ਹਾਂ ਦਾ ਸਮਾਜ ਚਾਹੁੰਦੇ ਹਨ।

ਉੱਤਮ ਕੰਮ ਵਾਹੀ ਵਾਲਾ, ਨਾ ਉੱਗੇ ਫਾਹੀਵਾਲਾ

ਖੇਤੀ ਦਾ ਧੰਦਾ ਮੇਹਨਤ ਮੰਗਦਾ ਹੈ ਅਤੇ ਖੇਤੀ ਦੇ ਕੰਮ ਵਿਚ ਖੱਚਤ ਹੋ ਕੇ ਉਤਪਾਦਨ ਸਾਰੀ ਲੁਕਾਈ ਵਾਸਤੇ ਤਿਆਰ ਕਰਨਾ ਅਤੇ ਆਪਣੇ ਜੀਅ ਪਾਲਣਾ ਹੁੰਦਾ ਹੈ ਖੇਤੀ ਦੇ ਕੰਮ ਨੂੰ ਕਰਨਾ ਉੱਤਮ ਸਮਝਿਆ ਤੇ ਵਡਿਆਇਆ ਜਾਂਦਾ ਸੀ। ਕਹਿਣ ਨੂੰ ਖੇਤੀ ਕਰਨਾ ਸੌਖੀ ਪਰ ਖਤਰਿਆਂ ਦੇ ਨਾਲ ਭਰੀ ਹੈ। ਕਿਸਾਨ ਨੂੰ ਖੇਤਾਂ ਦਾ ਰਾਜਾ ਗਿਣਿਆ ਜਾਂਦਾ ਸੀ। ਰਾਜੇ ਕੋਲ ਧਰਤੀ ਤੇ ਪਰਜਾ ਹੁੰਦੀ ਸੀ। ਧਰਮੀ ਰਾਜੇ ਪਰਜਾ ਦੀ ਭਲਾਈ ਬਾਰੇ ਸੋਚਦੇ ਸਨ ਕਿਸਾਨ ਕੋਲ ਧਰਤੀ ਦੀ ਮਾਲਕੀ ਹੁੰਦੀ ਉਸਦੀ ਨਯਰ ਵਿਚ ਆਪਣਾ ਪਰਿਵਾਰ ਸਾਰੀ ਕਾਇਨਾਤ ਪਸ਼ੂ ਪੰਛੀ ਅਤੇ ਹੋਰ ਜਾਨਵਰ ਹੁੰਦੇ ਅਤੇ ਹਰ ਇਕ ਦੀ ਭਲਾਈ ਕਰਦਾ ਸੀ ਕਿਸਾਨ ਕਿਸੇ ਨੂੰ ਭੁੱਖਾ ਨਹੀਂ ਜਰਦਾ ਸੀ। ਸਭ ਦੇ ਢਿੱਡ ਭਰਨ ਲਈ ਮੇਹਨਤ ਕਰਦਾ ਅਤੇ ਵੰਡ ਕੇ ਖਾਣ ਦਾ ਕਾਇਦਾ ਪੜ੍ਹਾਉਂਦਾ ਸੀ। ਚਿੜੀਆਂ ਜਨੌਰੀ ਰਾਹੀਆਂ ਪਾਂਧੀਆਂ ਨੂੰ ਰੋਟੀ ਲੱਸੀ ਆਦਿ ਪੁੱਛਦਾ ਸੀ ਉਹਨਾਂ ਨੂੰ ਸਮੇਂ ਸਿਰ ਰੋਟੀ ਉਪਲੱਬਧ ਕਰਾਉਂਦਾ, ਸ਼ਾਇਦ ਰਾਜੇ ਵੀ ਆਪਣੀ ਪਰਜਾ ਦਾ ਏਨਾ ਖਿਆਲ ਨਾ ਰੱਖਦੇ ਹੋਣ ਜਿੰਨਾ ਕਿਸਾਨ ਆਪਣੇ ਸਬੰਧਤ ਲੋਕਾਂ ਦਾ ਖਿਆਲ ਰੱਖਦਾ।

ਕਿਸਾਨ ਉਪਰ ਕੋਈ ਡੰਡਾ ਨਹੀ ਚਲਾ ਸਕਦਾ ਜਿਹੜੀ ਉਹ ਆਪਣੀ ਮਰਜੀ ਨਾਲ ਫਸਲ ਬੀਜ ਸਕਦਾ ਹੈ। ਉਹ ਭਾਵੇਂ ਲੇਟ ਜਾਪਵੇ ਭਾਵੇਂ ਜਦੋਂ ਮਰਜੀ ਜਾਵੇ ਉਸਨੂੰ ਕੋਈ ਪੁੱਛ ਨਹੀ ਸਕਦਾ। ਆਪਣੇ ਖੇਤ ਜਾਣ ਲਈ ਕਿਸੇ ਤੋਂ ਪੁੱਛ ਣਾ ਨਹੀਂ ਪੈਂਦਾ ਕੰਮ ਭਾਵੇਂ ਰਾਤ ਕਰੇ ਭਾਵੇ ਦਿਨੇ ਕਰੇ। ਉਸਦੇ ਸਿਰ ਤੇ ਕੋਈ ਡੰਡਾ ਨਹੀਂ ਹੁੰਦਾ ਭੁੱਖਾ ਕੰਮ ਕਰੇ ਜਾਂ ਭਾਵੇਂ ਤਿਹਾਇਆ ਭਾਵੇਂ ਕਿਸੇ ਮਜ਼ਦੂਰ ਤੋਂ ਕਰਾਵੇ ਭਾਵੇਂ ਆਪ ਕਰੇ। ਕਿਸਾਨ ਦਾ ਪੁੱਤ ਆਪਣੇ ਪਿਤਾ ਪਿਤਾ ਪੁਰਖੀ ਧੰਦੇ ਨੂੰ ਕਰਨ ਦੀ ਤਰਜੀਹ ਦਿੰਦਾ ਸੀ ਸਗੋਂ ਕੰਮ ਕਰਨ ਦੀ ਗੁੜਤੀ ਤਾਂ ਬਚਪਨ ਤੋਂ ਹੀ ਮਿਲ ਜਾਂਦੀ। ਜਿਸ ਵੇਲੇ ਬਾਰੇ ਮੈਂ ਲਿਖ ਰਿਹਾ ਹਾਂ ਉਹ ਸਮੇਂ ਇਕ ਅਖਾਣ ਬੋਲਿਆ ਜਾਂਦਾ ਸੀ, ''ਉਤਮ ਖੇਤੀ ਮੱਧਮ ਵਪਾਰ, ਨਖਿੱਧ ਚਾਕਰੀ ਭੀਖ ਨਦਾਰ''। ਖੇਤੀ ਨੂੰ ਸਭ ਤੋਂ ਵਧੀਆ ਗਿਣਿਆ ਜਾਂਦਾ ਸੀ। ਕਿਉਕਿ ਹੋਰ ਕੰਮ ਕਾਜ ਕਰਨ ਲਈ ਹਾਲਾਤ ਅਨੁਕੂਲ ਨਹੀਂ ਸਨ। ਕਿਉਂ ਵਿਦੇਸ਼ੀਆਂ ਦਾ ਰਾਜ ਹੁੰਦਾ ਹੀ। ਉਹ ਭਾਰਤੀਆਂ ਨਾਲ ਵਿਤਕਰਾ ਕਰਦੇ ਸਨ ਅਤੇ ਨੌਕਰੀ ਕਰਨੀ

ਸੁਭਾਸ਼ ਚੰਦਰ, ਪੀ. ਕੇ. ਅਰੋੜਾ,
ਜਸਵਿੰਦਰ ਸਿੰਘ ਬਰਾੜ,
ਖੇਤਰੀ ਖੋਜ ਕੇਂਦਰ, ਅਬੋਹਰ
(ਮੋ. 94683-59434)

ਅਮਰੂਦ ਵਿੱਚ ਫਲ ਗੁਣਵੱਤਾ ਸੁਧਾਰ ਲਈ ਵਾਤਾਵਰਣ-ਪੱਖੀ ਨੁਕਤੇ

ਅਮਰੂਦ ਪੰਜਾਬ ਵਿਚ ਫਲਾਂ ਦੇ ਕੁੱਲ ਉਤਪਾਦਨ ਦਾ ਤਕਰੀਬਨ 11% ਯੋਗਦਾਨ ਕਰਦਾ ਹੈ। ਇਹ ਘੱਟ ਪੌਣ-ਪਾਣੀ ਅਤੇ ਹਲਕੀਆਂ, ਕਲਰਾਠੀਆਂ ਅਤੇ ਮਾੜੇ-ਨਿਕਾਸ ਵਾਲੀਆਂ ਜ਼ਮੀਨਾਂ ਵਿਚ ਵੀ ਉਗਾਇਆ ਜਾ ਸਕਦਾ ਹੈ। ਹੋਰ ਫਲਾਂ ਦੇ ਮੁਕਾਬਲੇ ਇਸ ਫਲ ਦੀ ਕਾਸ਼ਤ ਦਾ ਖਰਚਾ ਘੱਟ ਹੈ। ਅਮਰੂਦ ਖਣਿਜ ਪਦਾਰਥਾਂ ਅਤੇ ਪੌਸ਼ਟਿਕ ਤੱਤਾਂ ਦਾ ਇਕ ਚੰਗਾ ਸਰੋਤ ਹਨ। ਆਮ ਤੌਰ 'ਤੇ ਅਮਰੂਦ ਦੀ ਕਾਸ਼ਤ ਤੋਂ ਮੁਨਾਫਾ ਉਪਜ ਦੀ ਗੁਣਵੱਤਾ 'ਤੇ ਨਿਰਭਰ ਕਰਦਾ ਹੈ। ਇਕ ਬਿਹਤਰ ਕੁਆਲਿਟੀ ਦੀ ਉਪਜ ਨੂੰ ਮਾਰਕੀਟ ਵਿਚ ਜ਼ਿਆਦਾ ਕੀਮਤ ਮਿਲਦੀ ਹੈ। ਇਸ ਲੇਖ ਵਿਚ, ਅਸੀਂ ਅਮਰੂਦ ਦੇ ਫਲਾਂ ਦੀ ਗੁਣਵੱਤਾ ਸੁਧਾਰ ਲਈ ਕੁਝ ਨੁਕਤੇ ਸਾਂਝੇ ਕੀਤੇ ਹਨ।

ਗੁਣਵੱਤਾ ਸੁਧਾਰ ਲਈ ਸਿਆਲੂ ਫਸਲ ਲੈਣਾ

ਪੰਜਾਬ ਵਿਚ ਅਮਰੂਦ ਮੁੱਖ ਤੌਰ 'ਤੇ ਦੋ ਫਸਲਾਂ ਦਿੰਦਾ ਹੈ :- ਬਰਸਾਤੀ ਫਸਲ (ਜੁਲਾਈ-ਅਗਸਤ) ਅਤੇ ਸਿਆਲੂ ਫਸਲ (ਨਵੰਬਰ-ਜਨਵਰੀ)। ਬਰਸਾਤੀ ਰੁੱਤ ਵਿਚ ਫਲਾਂ ਉੱਤੇ ਫਲ ਦੀ ਮੱਖੀ ਅਤੇ ਐਂਥਰਾਕਨੋਜ਼ ਬਿਮਾਰੀ ਦਾ ਹਮਲਾ ਜ਼ਿਆਦਾ ਹੁੰਦਾ ਹੈ। ਜਦਕਿ ਸਿਆਲੂ ਫਲਾਂ ਦਾ ਆਕਾਰ, ਗੁਣਵੱਤਾ, ਸੁਆਦ, ਸੁਗੰਧ ਆਦਿ ਚੰਗਾ ਹੁੰਦਾ ਹੈ। ਇਸ ਰੁੱਤ ਦੇ ਫਲਾਂ ਉੱਤੇ ਕੀੜੇ ਅਤੇ ਬਿਮਾਰੀਆਂ ਦਾ ਹਮਲਾ ਘੱਟ ਹੁੰਦਾ ਹੈ, ਇਸ ਕਰਕੇ ਬਾਜ਼ਾਰ ਵਿਚ ਕੀਮਤ ਵੀ ਵੱਧ ਮਿਲਦੀ ਹੈ। ਮਾਰਚ-ਅਪ੍ਰੈਲ ਵਿਚ ਬਹੁਤ ਜ਼ਿਆਦਾ ਫੁਟਾਰਾ ਹੋਣ ਕਾਰਨ, ਬਰਸਾਤੀ ਰੁੱਤ ਵਿਚ ਫਲ ਜ਼ਿਆਦਾ ਲੱਗਦੇ ਹਨ, ਜਿਸਦੇ ਕਾਰਨ ਸਰਦੀਆਂ ਦੀ ਫਸਲ ਘੱਟ



ਆਉਂਦੀ ਹੈ। ਬਰਸਾਤ ਫਸਲ ਦੀ ਵੱਡੀ ਮਾਤਰਾ ਮੰਡੀ ਵਿਚ ਆਉਣ ਕਰਕੇ ਮੁੱਲ ਘੱਟ ਮਿਲਦਾ ਹੈ। ਸਾਲ ਵਿਚ ਸਿਰਫ ਸਰਦੀਆਂ ਦਾ ਫਲ ਲੈਣ ਲਈ ਹੇਠ ਲਿਖੇ ਉਪਰਾਲੇ ਅਪਨਾਉ :

ਕਾਂਟ-ਛਾਂਟ : ਟਹਿਣੀਆਂ ਦੇ 20-30 ਸੈਂਟੀਮੀਟਰ ਉੱਪਰਲੇ ਸਿਰਿਆਂ ਨੂੰ 20-30 ਅਪ੍ਰੈਲ ਦੌਰਾਨ ਕੱਟਣ ਨਾਲ ਬਰਸਾਤੀ ਫਸਲ ਆਉਣ ਤੋਂ ਪੂਰੀ ਤਰ੍ਹਾਂ ਰੁਕ ਜਾਂਦੀ ਹੈ।

ਫੁੱਲਾਂ ਦਾ ਝਾੜਨਾ : ਬਰਸਾਤੀ ਫਸਲ ਰੋਕਥਾਮ ਲਈ, ਮਈ ਦੇ ਮਹੀਨੇ ਦੌਰਾਨ ਫੁੱਲਾਂ ਦੌਰਾਨ ਫੁੱਲਾਂ ਨੂੰ ਝਾੜ ਦੇਣਾ ਚਾਹੀਦਾ ਹੈ। ਫੁੱਲਾਂ ਨੂੰ ਝਾੜਨ ਲਈ, 10% ਯੂਰੀਆ (10 ਕਿਲੋ ਯੂਰੀਆ/ 100 ਲੀਟਰ ਪਾਣੀ) ਜਾਂ 600 ਪੀ ਪੀ ਐੱਮ ਐਨ ਏ ਏ (ਨੈਫਥਲੀਨ ਐਸੀਟਿਕ ਐਸਿਡ) (60 ਗ੍ਰਾਮ ਐਨ ਏ ਏ ਨੂੰ 150-200 ਮਿਲੀਲੀਟਰ ਅਲਕੋਹਲ ਵਿਚ ਘੋਲ ਕੇ ਪਾਣੀ ਨਾਲ 100 ਲੀਟਰ ਦਾ ਘੋਲ ਬਣਾਉ) ਦਾ ਛਿੜਕਾਅ ਕਰੋ।

ਪਾਣੀ ਅਤੇ ਖਾਦ ਦਾ ਪ੍ਰਬੰਧ : ਪਾਣੀ ਰੋਕਣ ਨਾਲ ਵੀ ਬਰਸਾਤੀ ਫਸਲ ਦੇ ਫੁੱਲ ਝੜ ਜਾਂਦੇ ਹਨ। ਬਰਸਾਤ ਰੁੱਤ ਦੀ ਫਸਲ ਦੇ ਫੁਲਾਂ ਨੂੰ ਝਾੜਨ ਲਈ ਅਪ੍ਰੈਲ-ਮਈ ਮਹੀਨੇ ਦੌਰਾਨ ਪਾਣੀ ਨਹੀਂ ਦੇਣਾ ਚਾਹੀਦਾ। ਇਸ ਤੋਂ ਬਾਅਦ ਜੂਨ ਵਿਚ ਪਾਣੀ ਲਗਾਉ ਅਤੇ ਜੁਲਾਈ-ਅਗਸਤ ਵਿਚ ਰੂੜੀ ਅਤੇ ਖਾਦ ਦੀ ਸਿਫਾਰਸ਼ ਕੀਤੀ ਖੁਰਾਕ ਪਾਉ, ਇਸ ਨਾਲ ਸਿਆਲੂ ਫਸਲ ਲਈ, ਅਗਸਤ-ਸਤੰਬਰ ਦੌਰਾਨ ਵੱਧ ਤੋਂ ਵੱਧ ਫੁੱਲ ਲਗਦੇ ਹਨ।

ਬਰਸਾਤੀ ਮੌਸਮ ਦੇ ਫਲਾਂ ਦੀ ਗੁਣਵੱਤਾ ਵਿਚ ਸੁਧਾਰ ਕਰਨ ਲਈ ਵਾਤਾਵਰਣ ਪੱਖੀ ਨੁਕਤੇ

ਬਰਸਾਤੀ ਮੌਸਮ ਦੀ ਫਸਲ ਤੇ



ਫਲ ਦੀ ਮੱਖੀ ਦਾ ਭਾਰੀ ਹਮਲਾ ਹੁੰਦਾ ਹੈ। ਫਲਾਂ ਦੀ ਮੱਖੀ ਦਾ ਪ੍ਰਬੰਧਨ ਹੇਠ ਲਿਖੇ ਨੁਕਤਿਆਂ ਨਾਲ ਕੀਤਾ ਜਾ ਸਕਦਾ ਹੈ :

ਫਲਾਂ ਨੂੰ ਲਿਫਾਫੇ ਚੜ੍ਹਾਉਣਾ : ਪੀ ਏ ਯੂ ਨੇ ਹਾਲ ਹੀ ਵਿਚ ਬਰਸਾਤੀ ਮੌਸਮ ਦੇ ਫਲਾਂ ਨੂੰ ਢੱਕਣ ਲਈ ਚਿੱਟੇ ਨਾਨ-ਵੂਵਨ ਲਿਫਾਫੇ ਦੀ ਵਰਤੋਂ ਦੀ ਸਿਫਾਰਸ਼ ਕੀਤੀ ਹੈ। ਪੂਰੇ ਵੱਡੇ ਪਰ ਸਖਤ-ਹਰੇ ਬਰਸਾਤੀ ਅਮਰੂਦਾਂ ਉੱਪਰ ਜੂਨ ਦੇ ਅਖੀਰ ਜਾਂ ਜੁਲਾਈ ਦੇ ਅੱਧ ਤੱਕ ਚਿੱਟੇ ਰੰਗ ਦੇ ਨਾਨ-ਵੂਵਨ ਲਿਫਾਫੇ ਚੜਾਏ ਜਾ ਸਕਦੇ ਹਨ। ਅਜਿਹਾ ਕਰਨ ਨਾਲ ਫਲਾਂ ਨੂੰ ਮੱਖੀ ਦੇ ਹਮਲੇ ਤੋਂ ਬਚਾਇਆ ਜਾ ਸਕਦਾ ਹੈ। ਲਿਫਾਫੇ ਚੜ੍ਹਾਉਣ ਨਾਲ ਪੰਛੀ ਵੀ ਘੱਟ ਨੁਕਸਾਨ ਕਰਦੇ ਹਨ ਅਤੇ ਫਲਾਂ ਦੇ ਰੰਗ ਵਿਚ ਵੀ ਸੁਧਾਰ ਹੁੰਦਾ ਹੈ।

ਫਰੂਟ ਫਲਾਈ ਟਰੈਪ : ਫਲ ਦੀਆਂ ਮੱਖੀਆਂ ਦੀ ਰੋਕਥਾਮ ਲਈ ਜੁਲਾਈ ਦੇ ਪਹਿਲੇ ਹਫਤੇ ਪੀ. ਏ. ਯੂ. ਫਰੂਟ ਫਲਾਈ ਟਰੈਪ (16 ਟਰੈਪ ਪ੍ਰਤੀ ਏਕੜ) ਲਗਾਉ ਅਤੇ ਲੋੜ ਪੈਣ ਤੇ ਦੁਬਾਰਾ ਲਗਾਉ।

ਹੋਰ ਨੁਕਤੇ : ਮੱਖੀ ਦੇ ਹਮਲੇ ਵਾਲੇ ਡਿੱਗੇ ਹੋਏ ਫਲਾਂ ਨੂੰ ਲਗਾਤਾਰ ਚੁੱਕ ਜ਼ਮੀਨ ਵਿਚ ਘੱਟੋ-ਘੱਟ 60 ਸੈਂਟੀਮੀਟਰ ਡੂੰਘੇ ਦੱਬ ਦੇਣਾ ਚਾਹੀਦਾ ਹੈ। ਫਸਲ ਦੀ ਤੁੜਾਈ ਦੇ ਤੁਰੰਤ ਬਾਅਦ ਬਾਗ ਦੀ 4-6 ਸੈਂਟੀਮੀਟਰ ਤੱਕ ਕਲਟੀਵੇਟਰ ਨਾਲ ਹਲਕੀ ਵਹਾਈ ਕਰਨੀ ਚਾਹੀਦੀ ਹੈ ਤਾਂ ਜੋ ਮੱਖੀ ਦੀਆਂ ਸੁੰਡੀਆਂ ਬਾਹਰ ਆ ਕੇ ਮਰ ਜਾਣ। ਉਨ੍ਹਾਂ ਬਾਗਾਂ ਜਿੱਥੇ ਫਲ ਦੀ ਮੱਖੀ ਦਾ ਹਮਲਾ ਪਹਿਲਾਂ ਤੋਂ ਹੀ ਗੰਭੀਰ ਹੁੰਦੇ ਹੋਵੇ, ਉਸ ਬਰਸਾਤੀ ਰੁੱਤ ਦੀ ਫਸਲ ਨਹੀਂ ਲੈਣੀ ਚਾਹੀਦੀ।

ਖਾਰੇ-ਲੂਣੇ ਪਾਣੀ ਦੀ ਮਾਰ, ਹਰੀ ਖਾਦ ਕਰੇ ਸੁਧਾਰ



ਜ਼ਮੀਨ ਦੀ ਸਿਹਤ ਬਰਕਰਾਰ ਰੱਖਣ ਲਈ ਫਸਲੀ ਰਹਿੰਦ-ਖੂੰਹਦ, ਜੈਵਿਕ ਖਾਦਾਂ ਦੇ ਨਾਲ-ਨਾਲ ਹਰੀ ਖਾਦ ਨੂੰ ਜ਼ਮੀਨ ਵਿਚ ਦਬਾਉਣਾ ਜ਼ਰੂਰੀ ਹੈ ਜ਼ਮੀਨ ਦੀ ਸਿਹਤ ਸੁਧਾਰ ਲਈ ਹਰੀ ਖਾਦ ਦੀ ਵਰਤੋਂ ਦੀ ਖਾਸ ਮਹੱਤਤਾ ਹੈ। ਹਰੀ ਖਾਦ ਲਈ ਵਰਤੀਆਂ ਜਾਣ ਵਾਲੀਆਂ ਫਲੀਦਾਰ ਰਾਈਜ਼ੋਬੀਅਮ ਨਾਂ ਦੇ ਜੀਵਾਣੂੰ ਦਾ ਸੁਮੇਲ ਨਾਲ ਹਵਾ ਵਿਚੋਂ ਨਾਈਟ੍ਰੋਜਨ ਪੌਦੇ ਦੀਆਂ ਜੜ੍ਹਾਂ ਵਿਚਲੀਆਂ ਗੰਢਾਂ ਵਿਚ ਜਮ੍ਹਾਂ ਕਰਕੇ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਂਦੀਆਂ ਹਨ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਢੈਂਚਾ (ਜੰਤਰ), ਸਣ, ਗੁਆਰਾ ਅਤੇ ਰਵਾਂਹ ਦੀ ਫਸਲ ਨੂੰ ਬਤੌਰ ਹਰੀ ਖਾਦ ਵਰਤਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਪਰ ਹਰੀ ਖਾਦ ਲਈ ਜੰਤਰ ਅਤੇ ਸਣ ਅਜਿਹੀਆਂ ਫਸਲਾਂ ਹਨ ਜੋ ਆਸਾਨੀ ਨਾਲ ਗਲ ਜਾਂਦੀਆਂ ਹਨ ਅਤੇ ਥੋੜੇ ਸਮੇਂ ਵਿਚ ਕਾਫੀ ਮਾਤਰਾ ਵਿਚ ਹਰੀ ਖਾਦ ਪੈਦਾ ਕਰਦੀਆਂ ਹਨ।

ਜ਼ਮੀਨ ਵਿਚ ਹਰੀ ਖਾਦ ਦਬਾਉਣ ਦੇ ਲਾਭ

ਹਰੀ ਖਾਦ ਦਬਾਉਣ ਨਾਲ, ਇਸ ਮਗਰੋਂ ਬੀਜੀ ਜਾਣ ਵਾਲੀ ਫਸਲ ਨੂੰ ਨਾਈਟ੍ਰੋਜਨ ਖਾਦ ਦੀ ਲੋੜ ਵੀ ਕਾਫੀ ਘਟ ਜਾਂਦੀ ਹੈ। ਜੇਕਰ ਝੋਨੇ ਦੀ ਫਸਲ ਤੋਂ ਪਹਿਲਾਂ ਹਰੀ ਖਾਦ ਜ਼ਮੀਨ ਵਿਚ ਵਾਹੀ ਜਾਵੇ ਤਾਂ ਝੋਨੇ ਵਿਚ 55 ਕਿਲੋ ਯੂਰੀਆ ਖਾਦ ਦੀ ਬੱਚਤ ਹੁੰਦੀ ਹੈ। ਜਿਨ੍ਹਾਂ ਜ਼ਮੀਨਾਂ ਵਿਚ ਹਰ ਸਾਲ ਲੋਹਾ ਤੱਤ ਦੀ ਘਾਟ ਆਉਂਦੀ ਹੋਵੇ ਉੱਥੇ ਜੰਤਰ ਵੀ ਹਰੀ ਖਾਦ ਜ਼ਮੀਨ ਵਿਚ ਵਾਹੁਣ ਨਾਲ ਲੋਹਾ ਤੱਤ ਦੀ ਘਾਟ ਵੀ ਨਹੀਂ ਆਉਂਦੀ। ਛੋਟੇ ਤੱਤ ਇਸ ਰੂਪ ਵਿਚ ਆ ਜਾਂਦੇ ਹਨ ਜਿਸ ਨੂੰ ਪੌਦੇ ਆਸਾਨੀ ਨਾਲ ਲੈ ਸਕਦੇ ਹਨ। ਹਰ ਸਾਲ ਜ਼ਮੀਨ ਵਿਚ ਢੈਂਚੇ ਦੀ



6-8 ਹਫਤਿਆਂ ਦੀ ਫਸਲ ਦਬਾਉਣ ਨਾਲ ਝੋਨੇ ਵਿਚ ਲੋਹੇ ਦੀ ਘਾਟ ਵੀ ਨਹੀਂ ਆਉਂਦੀ। ਹਰੀ ਖਾਦ ਦੀ ਵਰਤੋਂ ਨਾਲ ਜ਼ਮੀਨ ਵਿਚ ਜੈਵਿਕ ਮਾਦੇ ਦਾ ਪੱਧਰ ਵਧਦਾ ਹੈ ਅਤੇ ਜ਼ਮੀਨ ਦੇ ਭੌਤਿਕ, ਰਸਾਇਣਕ ਅਤੇ ਜੈਵਿਕ ਗੁਣਾਂ ਵਿਚ ਸੁਧਾਰ ਹੁੰਦਾ ਹੈ। ਹਰੀ ਖਾਦ ਦੀ ਵਰਤੋਂ ਨਾਲ ਜ਼ਮੀਨ ਵਿਚ ਹਵਾ ਅਤੇ ਪਾਣੀ ਦਾ ਸੰਚਾਰ ਵੀ ਸਹੀ ਢੰਗ ਨਾਲ ਹੋਣ ਲਗਦਾ ਹੈ, ਜਿਸ ਨਾਲ ਰੇਤਲੀਆਂ ਜ਼ਮੀਨਾਂ ਦੀ ਪਾਣੀ ਸੰਭਾਲ ਕੇ ਰੱਖਣ ਦੀ ਸਮਰੱਥਾ ਵੱਧਦੀ ਹੈ ਅਤੇ ਭਾਰੀਆਂ ਜ਼ਮੀਨਾਂ ਵਿਚ ਪਾਣੀ ਖੜੋਣ ਦੀ ਸਮੱਸਿਆ ਘਟਦੀ ਹੈ। ਇਸ ਨਾਲ ਜ਼ਮੀਨ ਦੀ ਉੱਪਰਲੀ ਉਪਜਾਊ ਤਹਿ ਦੇ ਹਵਾ ਅਤੇ ਪਾਣੀ ਨਾਲ ਰੁੜ੍ਹਨ ਦੀ ਸਮੱਸਿਆ ਵੀ ਘਟਦੀ ਹੈ। ਗਲਣ ਸੜਣ ਉਪਰੰਤ ਹਰਾ ਮਾਦਾ ਜ਼ਮੀਨ ਵਿਚ ਕਈ ਤਰ੍ਹਾਂ ਦੇ ਤੇਜ਼ਾਬ ਪੈਦਾ ਕਰਦਾ ਹੈ, ਜੋ ਕਿ ਜ਼ਮੀਨ ਦੇ ਕਲਰਾਠੇਪਣ ਨੂੰ ਘਟਾਉਂਦਾ ਹੈ।

ਹਰੀ ਖਾਦ ਦੀ ਕਾਸ਼ਤ ਲਈ ਨੁਕਤੇ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਅਜਿਹੀਆਂ ਫਸਲਾਂ ਦੀ ਹਰੀ ਖਾਦ ਵਜੋਂ ਸਿਫਾਰਿਸ਼ ਕੀਤੀ ਗਈ ਹੈ ਜਿਨ੍ਹਾਂ ਦਾ ਵਾਧਾ ਤੇਜ਼ੀ ਨਾਲ ਹੁੰਦਾ ਹੈ ਅਤੇ ਵਧੇਰੇ ਬਨਸਪਤਿਕ ਮਾਦੇ ਸਦਕਾ ਇਹ ਫਸਲਾਂ ਜ਼ਮੀਨ ਵਿਚ ਵਧੇਰੇ ਜੈਵਿਕ ਮਾਦਾ ਪਾ ਸਕਦੀਆਂ ਹਨ। ਇਹਨਾਂ ਫਸਲਾਂ ਦੀਆਂ ਜੜ੍ਹਾਂ ਵਿਚ ਵੱਧ ਤੋਂ ਵੱਧ ਗੰਢਾਂ ਹੋਣ ਕਰਕੇ ਇਹ ਵਾਤਾਵਰਨ ਵਿਚਲੀ ਨਾਈਟ੍ਰੋਜਨ ਨੂੰ ਵਧੇਰੇ ਜਮ੍ਹਾਂ ਕਰਦੀਆਂ ਹਨ। ਇਹਨਾਂ ਫਸਲਾਂ ਨੂੰ ਕੀੜੇ-ਮਕੌੜਿਆਂ ਦਾ ਹਮਲਾ ਘੱਟ ਹੁੰਦਾ ਹੈ ਅਤੇ ਪਾਣੀ ਦੀ ਮੰਗ ਵੀ ਘੱਟ ਹੈ। ਸਣ ਅਤੇ ਜੰਤਰ ਵਿਚ ਖਾਰੀਆਂ ਅਤੇ ਤੇਜ਼ਾਬੀ ਹਾਲਾਤਾਂ ਨੂੰ ਸਹਿਣ ਕਰਨ ਦੀ ਸਮਰੱਥਾ ਹੋਣ ਕਰਕੇ ਇਹ ਫਸਲਾਂ ਖਾਰੀਆਂ ਅਤੇ ਤੇਜ਼ਾਬੀ ਜ਼ਮੀਨਾਂ ਦੀ ਸਿਹਤ ਸੁਧਾਰ ਲਈ ਜ਼ਿਆਦਾ ਢੁੱਕਵੀਆਂ ਹਨ।

ਢੈਂਚਾ : ਢੈਂਚੇ ਦੀ ਛੇਤੀ ਵਧਣ ਵਾਲੀ ਕਿਸਮ ਪੰਜਾਬ ਢੈਂਚਾ 1 ਦੀ ਕਾਸ਼ਤ ਅਪ੍ਰੈਲ ਤੋਂ ਜੁਲਾਈ ਤੱਕ ਕੀਤੀ ਜਾ ਸਕਦੀ। ਬਿਜਾਈ ਤੋਂ 45-60 ਦਿਨਾਂ ਬਾਅਦ ਇਸ ਦਾ ਕੱਦ 3-5 ਫੁੱਟ ਦੇ ਕਰੀਬ ਹੋ ਜਾਂਦਾ ਹੈ। ਜੇਕਰ 20 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤਿਆ ਜਾਵੇ ਤਾਂ ਇਸ ਫਸਲ ਨੂੰ ਜ਼ਮੀਨ ਵਿਚ ਮਿਲਾਉਣ ਨਾਲ ਲਗਭਗ 50 ਕੁਇੰਟਲ ਤੋਂ 85 ਕੁਇੰਟਲ ਪ੍ਰਤੀ ਏਕੜ ਹਰ ਮਾਦਾ ਜ਼ਮੀਨ ਵਿਚ ਜਮ੍ਹਾ ਹੁੰਦਾ ਹੈ। ਢੈਂਚੇ ਦੀ ਬਿਜਾਈ 20 ਤੋਂ 22 ਸੈਂਟੀਮੀਟਰ ਦੀ ਦੂਰੀ ਤੇ ਕਤਾਰਾਂ ਵਿਚ ਬੀਜਣ ਦੀ ਸਿਫਾਰਸ਼ ਕੀਤੀ ਗਈ ਹੈ। ਫਸਲ ਦੀ ਬੀਜਾਈ ਸਮੇਂ 75 ਕਿਲੋ ਸਿੰਗਲ ਸੁਪਰ ਫਾਸਫੋਰਸ ਪਾ ਦਿਓ। ਜੇਕਰ ਹਾੜ੍ਹੀ ਦੀ ਫਸਲ ਵਿਚ ਸਿਫਾਰਸ਼ ਮੁਤਾਬਕ

ਬਾਕੀ ਸਫਾ 13 'ਤੇ

ਭਾਰਤ ਸਰਕਾਰ ਦੇ ਬਿਜਲੀ ਮੰਤਰਾਲੇ ਦਾ ਸਰਵੇਖਣ ਅਨੁਸਾਰ, ਪੰਜਾਬ ਦੇ ਨੇੜੇ-ਤੇੜੇ ਪੈਂਦੇ ਸੂਬਿਆਂ, ਹਰਿਆਣਾ, ਉੱਤਰਾਖੰਡ, ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼ ਤੇ ਰਾਜਸਥਾਨ ਅਤੇ ਜੰਮੂ ਕਸ਼ਮੀਰ ਵਿਚ ਸੌਰ ਊਰਜਾ ਤੋਂ ਕ੍ਰਮਵਾਰ 4560, 16800, 22830, 33840, 142310 ਅਤੇ 111050 ਮੈਗਾਵਾਟ ਬਿਜਲੀ ਸਮਰੱਥਾ ਦਾ ਅੰਦਾਜ਼ਾ ਲਾਇਆ ਗਿਆ ਹੈ। ਪੰਜਾਬ ਵਿਚ ਕੇਵਲ 2810 ਮੈਗਾਵਾਟ ਸੌਰ ਬਿਜਲੀ ਦੀ ਪੈਦਾਇਸ਼ ਦੀ ਸੰਭਾਵਨਾ ਲਾਈ ਗਈ ਹੈ।



ਪੰਜਾਬ ’ਚ ਸੌਰ ਊਰਜਾ ਦੀ ਸੰਭਾਵਨਾ



ਇੰਜ. ਦਰਸ਼ਨ ਸਿੰਘ ਭੁੱਲਰ
ਉਪ ਮੁੱਖ ਇੰਜੀਨੀਅਰ (ਰਿਟਾ.),
ਪੀ ਐੱਸ ਪੀ ਸੀ ਐੱਲ।
ਮੋ. 94174-28643

ਭਾਰਤ ਨੇ 2030 ਤੱਕ ਨਵਿਆਉਣਯੋਗ ਊਰਜਾ ਦੀ ਸਮਰੱਥਾ ਤਕਰੀਬਨ 500 ਗੀਗਾਵਾਟ ਕਰਨ ਦਾ ਨਿਸ਼ਾਨਾ ਮਿੱਥਿਆ ਹੈ ਜੋ ਦੇਸ਼ ਦੀ ਉਸ ਵਕਤ ਕੁਲ ਸਮਰੱਥਾ ਦਾ 50% ਹੋਵੇਗਾ। ਇਸ ਵੇਲੇ ਦੇਸ਼ ਵਿਚ ਕੁੱਲ 156 ਗੀਗਾਵਾਟ ਦੀ ਸਮਰੱਥਾ ਦੇ ਪ੍ਰਾਜੈਕਟ ਉਸਾਰੀ ਅਧੀਨ ਹਨ ਜਿਨ੍ਹਾਂ ਵਿਚੋਂ 103 ਨਵਿਆਉਣਯੋਗ ਊਰਜਾ ਦੇ ਹਨ। ਨਵਿਆਉਣਯੋਗ ਊਰਜਾ ਵਿਚ ਦੇਸ਼ ਇਸ ਵੇਲੇ ਦਨੀਆਂ ਵਿੱਚੋਂ ਚੌਥੇ ਨੰਬਰ ’ਤੇ ਹੈ। ਫਰਵਰੀ 2024 ਦੇ ਅੰਤ ਤੱਕ ਦੇਸ਼ ਦੀ ਕੁੱਲ ਬਿਜਲੀ ਸਮਰੱਥਾ 434 ਗੀਗਾਵਾਟ ਹੈ ਜਿਸ ਵਿੱਚੋਂ 137 ਗੀਗਾਵਾਟ ਨਵਿਆਉਣਯੋਗ ਊਰਜਾ ਤੋਂ ਹੈ। ਨਵਿਆਉਣਯੋਗ ਸੋਮਿਆਂ ਵਿੱਚੋਂ ਸਭ ਤੋਂ ਵੱਧ 55% (76 ਗੀਗਾਵਾਟ) ਸੌਰ (ਸੂਰਜੀ) ਊਰਜਾ ਦਾ ਹਿੱਸਾ ਹੈ ਅਤੇ ਦੁਨੀਆ ਭਰ ਵਿੱਚੋਂ ਭਾਰਤ ਦਾ ਸੌਰ ਊਰਜਾ ਸਮਰੱਥਾ ਵਿੱਚ 5ਵਾਂ ਸਥਾਨ ਹੈ।

ਭਾਰਤ ਵਿਚ ਸੌਰ-ਊਰਜਾ ਤੋਂ ਤਕਰੀਬਨ 749 ਗੀਗਾਵਾਟ ਬਿਜਲੀ ਪੈਦਾ ਕਰ ਸਕਣ ਦੀਆਂ ਸੰਭਾਵਨਾਵਾਂ ਹਨ। ਭਾਰਤ ਨੇ 2030 ਤੱਕ 280 ਗੀਗਾਵਾਟ ਸੌਰ ਸਮਰੱਥਾ ਦਾ ਨਿਸ਼ਾਨਾ ਮਿੱਥਿਆ ਦਾ ਨਿਸ਼ਾਨਾ ਮਿੱਥਿਆ ਹੈ। ਸੌਰ ਊਰਜਾ ਦੀ ਪੈਦਾਵਾਰ ਵਿਚ ਹੁਣ ਤੱਕ ਖਾਸ ਕਰ ਕੇ ਪੰਜ ਸੂਬੇ-ਰਾਜਸਥਾਨ, ਗੁਜਰਾਤ, ਕਰਨਾਟਕ, ਤਾਮਿਲਨਾਡੂ ਅਤੇ ਮਹਾਂਰਾਸ਼ਟਰ ਮੋਹਰੀ ਹਨ। ਇਨ੍ਹਾਂ ਸੂਬਿਆਂ ਵਿਚ ਕ੍ਰਮਵਾਰ 17.8, 10.13, 9.05, 6.8 ਅਤੇ 4.8 ਗੀਗਾਵਾਟ ਸੌਮ ਸਮਰੱਥਾ ਦੇ ਪਲਾਂਟ ਹਨ ਜੋ ਭਾਰਤ ਦੀ ਕੁੱਲ ਸੌਰ ਸਮਰੱਥਾ ਦਾ ਤਕਰੀਬਨ 64% ਬਣਦਾ ਹੈ।

ਭਾਰਤ ਸਰਕਾਰ ਦੇ ਬਿਜਲੀ ਮੰਤਰਾਲੇ ਦਾ ਸਰਵੇਖਣ ਅਨੁਸਾਰ, ਪੰਜਾਬ ਦੇ ਨੇੜੇ-ਤੇੜੇ ਪੈਦੇ ਸੂਬਿਆਂ, ਹਰਿਆਣਾ, ਉੱਤਰਾਖੰਡ, ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼ ਤੇ ਰਾਜਸਥਾਨ ਅਤੇ ਜੰਮੂ ਕਸ਼ਮੀਰ ਵਿਚ ਸੌਰ ਊਰਜਾ ਤੋਂ ਕ੍ਰਮਵਾਰ 4560, 16800, 22830, 33840, 142310 ਅਤੇ 111050 ਮੈਗਾਵਾਟ ਬਿਜਲੀ ਸਮਰੱਥਾ ਦਾ ਅੰਦਾਜ਼ਾ ਲਾਇਆ ਗਿਆ ਹੈ। ਪੰਜਾਬ ਵਿਚ ਕੇਵਲ 2810 ਮੈਗਾਵਾਟ ਸੌਰ ਬਿਜਲੀ ਦੀ ਪੈਦਾਇਸ਼ ਦੀ ਸੰਭਾਵਨਾ ਲਾਈ ਗਈ ਹੈ। ਇਸ ਵੇਲੇ ਪੰਜਾਬ ਕੋਲ ਕੁੱਲ ਪ੍ਰਾਪਤ ਸਮਰੱਥਾ ਤਕਰੀਬਨ 14363 ਮੈਗਾਵਾਟ ਹੈ ਜਿਸ ਵਿਚ ਨਵਿਆਉਣਯੋਗ ਊਰਜਾ ਦੀ ਸਮਰੱਥਾ ਤਕਰੀਬਨ 14% ਹੈ। ਇਸ 14% ਨਵਿਆਉਣਯੋਗ ਸਮਰੱਥਾ ਵਿਚ ਕੇਂਦਰ ਅਤੇ ਪ੍ਰਾਈਵੇਟ ਦਾ ਹਿੱਸਾ ਤਕਰੀਬਨ 95% ਅਤੇ ਪੰਜਾਬ ਰਾਜ ਦਾ ਆਪਣਾ ਹਿੱਸਾ 5% ਹੀ ਹੈ।

ਵਿੱਚ-ਵਿੱਚ ਬਿਜਲੀ ਦੀ ਵਧ ਰਹੀ ਮੰਗ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੂੰ ਠੋਸ ਨੀਤੀ ਘੜਨੀ ਚਾਹੀਦੀ ਹੈ। ਭਾਰਤ ਪੱਧਰ ’ਤੇ ਹੋਏ 20ਵੇਂ ਬਿਜਲੀ ਸਰਵੇਖਣ ਮੁਤਾਬਕ, 2020-31 ਵਿਚ ਪੰਜਾਬ



ਦੀ ਵੱਧ ਤੋਂ ਵੱਧ 20028 ਮੈਗਾਵਾਟ ਹੋਵੇਗੀ। ਇਸ ਵਿਚ ਘਰਾਂ ਅਤੇ ਹੋਰ ਅਦਾਰਿਆਂ ਦੀਆਂ ਛੱਤਾਂ ਅਤੇ ਕੈਪਟਿਵ ਪਾਵਰ ਪਲਾਂਟਾਂ ਦੁਆਰਾ ਪੂਰੀ ਹੋਣ ਵਾਲੀ ਮੰਗ ਸ਼ਾਮਲ ਨਹੀਂ ਹੈ। ਜੇਕਰ ਇਸ ਨੂੰ ਸ਼ਾਮਲ ਕਰ ਲਿਆ ਜਾਵੇ ਤਾਂ ਸਰਵੇਖਣ ਮੁਤਾਬਕ ਸਿਖਰ ਮੰਗ 23363 ਮੈਗਾਵਾਟ ਹੋਣ ਦੀ ਸੰਭਾਵਨਾ ਹੈ। 20ਵੇਂ ਬਿਜਲੀ ਸਰਵੇਖਣ ਅਨੁਸਾਰ ਪੰਜਾਬ ਦਾ ਬੇਸ ਲੋਡ (ਹਮੇਸ਼ਾਂ ਰਹਿਣ ਵਾਲਾ ਲੋਡ) 2030-31 ਵਿਚ 11326 ਮੈਗਾਵਾਟ ਅੱਪੜ ਜਾਵੇਗਾ।

ਸੋ, ਸਾਫ ਜ਼ਾਹਿਰ ਹੈ ਕਿ ਭਵਿੱਖ ਦੀ ਮੰਗ, ਖਾਸ ਕਰ ਕੇ ਸਿਖਰ ਮੰਗ ਦਾ ਸਾਹਮਣਾ ਕਰਨ ਲਈ ਜੋ ਵਰਤਮਾਨ ਸਮਰੱਥਾ ਹੈ, ਉਹ ਕਾਫੀ ਨਹੀਂ ਹੈ। ਇਸ ਵਾਸਤੇ ਲੰਮੇ ਸਮੇਂ ਲਈ ਉਪਾਅ ਕਰਨੇ ਪੈਣਗੇ। ਜਦੋਂ ਤੋਂ ਪੰਜਾਬ ਵਿਚ ਝੋਨੇ ਦੀ ਕਾਸ਼ਤ ਹੋਣ ਲੱਗੀ ਹੈ, ਬਿਜਲੀ ਦੀ ਮੰਗ ਦੀ ਰੂਪਰੇਖਾ ਬਿਜਲੀ ਖੇਤਰ ਲਈ ਚੁਣੌਤੀ ਬਣੀ ਹੋਈ ਹੈ। 20ਵੇਂ ਬਿਜਲੀ ਸਰਵੇਖਣ ਨੇ ਵੀ ਇਹ ਸਾਫ ਕਰ ਦਿੱਤਾ ਹੈ ਕਿ 2030-31 ਤੱਕ ਵੀ ਹੁਣ ਵਾਂਗ ਸਾਡੀ ‘ਸਿਖਰ ਮੰਗ’ ਸਾਡੇ ‘ਬੇਸ ਲੋਡ’ ਨਾਲੋਂ ਦੋ ਗੁਣਾ ਹੀ ਰਹੇਗੀ। ਇਸ ਕਰਕੇ ਪੰਜਾਬ ਨੂੰ ਝੋਨੇ ਦੇ ਸੀਜ਼ਨ ਵਿਚ ਪੈਦਾ ਹੋਣ ਵਾਲੀ ‘ਅਸਥਾਈ ਸਿਖਰ ਮੰਗ’ ‘ਤੇ ਕਾਬੂ ਪਾਉਣ ਲਈ ਨੀਤੀ ਘੜਨੀ ਪਵੇਗੀ। ਜਿੱਥੋਂ ਤੱਕ ਬੇਸ ਲੋਡ ਦੀ ਪੂਰਤੀ ਦਾ ਸਵਾਲ ਹੈ, ਉਸ ਦੀ ਪੂਰਤੀ ਲਈ ਪੁਰਾਣੇ ਪਲਾਂਟਾਂ ਦੇ ਨਵੀਨੀਕਰਨ ਅਤੇ ਇਨ੍ਹਾਂ ਨਾਲ ਵਾਧੂ ਪਈ ਜ਼ਮੀਨ ਤੇ ਕਝ ਸਮਰੱਥਾ ਦੇ ਸਪਰ ਕ੍ਰਿਟੀਕਲ ਪਲਾਂਟ ਲਾਉਣ ਬਾਰੇ ਵਿਚਾਰ ਕੀਤਾ ਜਾ ਸਕਦਾ ਹੈ।

ਆਸਥਾਈ ਸਿਖਰ ਮੰਗ ਜੋ ਪੰਜਾਬ ਦੀ ਮੁੱਖ ਸਮੱਸਿਆ ਹੈ, ਨਾਲ ਨਜਿੱਠਣ ਲਈ ਪੰਜਾਬ ਨੂੰ ਕੌਮੀ ਨੀਤੀ ਦੀ ਤਰਜ਼ ’ਤੇ 2030 ਤੱਕ ਕੁੱਲ ਲੋੜੀਂਦੀ ਸਮਰੱਥਾ ਦਾ 50% ਨਵਿਆਉਣਯੋਗ ਊਰਜਾ ਤੋਂ ਪ੍ਰਾਪਤ ਕਰਨ ਲਈ ਤੇਜ਼ੀ ਅਤੇ ਸੁਹਿਰਦਤਾ ਨਾਲ ਉਪਰਾਲੇ ਕਰਨੇ ਚਾਹੀਦੇ ਹਨ। ਪੰਜਾਬ ਨੂੰ ਨਵਿਆਉਣਯੋਗ ਸਰੋਤਾਂ, ਖਾਸ ਕਰ ਕੇ ਸੌਰ ਊਰਜਾ ਤੋਂ ਜਿੰਨੀ ਸੰਭਵ ਹੋ ਸਕੇ, ਬਿਜਲੀ ਪੈਦਾ ਕਰਨ ਲਈ ਸਿਰਤੋੜ ਯਤਨ ਕਰਨ ਦੀ ਲੋੜ ਹੈ। ਪੰਜਾਬ ਨੂੰ 2030-31 ਵਿੱਚ ਕੌਮੀ ਨੀਤੀ ਦੀ ਤਰਜ਼ ’ਤੇ ਨਵਿਆਉਣਯੋਗ ਸਮਰੱਥਾ ਵਿਚ ਤਕਰੀਬਨ ਢਾਈ ਗੁਣਾ ਵਾਧਾ ਕਰਨਾ ਪਵੇਗਾ। ਇਸ ਵਕਤ ਫਰਵਰੀ 2024 ਤੱਕ ਪੰਜਾਬ ਕੋਲ ਤਕਰੀਬਨ 1975 ਮੈਗਾਵਾਟ ਦੀ ਸਮਰੱਥਾ ਹੈ। ਇਸ ਹਿਸਾਬ ਨਾਲ ਪੰਜਾਬ ਨੂੰ 2030 ਤੱਕ ਨਵਿਆਉਣਯੋਗ ਸਮਰੱਥਾ ਵਿਚ ਤਕਰੀਬਨ 3000 ਮੈਗਾਵਾਟ ਦੇ ਬਰਾਬਰ ਦਾ ਇਜ਼ਾਫਾ ਕਰਨ ਲਈ ਸਾਧਨ ਜੁਟਾਉਣੇ ਪੈਣਗੇ।

ਅੰਦਾਜ਼ੇ ਮੁਤਾਬਕ ਪੰਜਾਬ ਵਿਚ ਨਵਿਆਉਣਯੋਗ ਊਰਜਾ ਸਰੋਤਾਂ ਦੀ ਕੁੱਲ ਸੰਭਾਵੀ ਸਮਰੱਥਾ ਮਸਾਂ ਤਕਰੀਬਨ 7000 ਮੈਗਾਵਾਟ ਹੀ ਹੈ ਜਿਸ ਵਿਚੋਂ ਤਕਰੀਬਨ 3200 ਮੈਗਾਵਾਟ ਬਾਇਓਮਾਸ ਅਤੇ 2800 ਮੈਗਾਵਾਟ ਸੌਰ ਊਰਜਾ ਤੋਂ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸੌਰ ਊਰਜਾ ਪਲਾਂਟ ਦੂਜੇ ਸਰੋਤਾਂ ਦੇ ਮੁਕਾਬਲੇ ਜਗ੍ਹਾ ਜ਼ਿਆਦਾ ਘੇਰਦਾ ਹੈ ; ਸੋ, ਵੱਡੇ ਸੋਲਰ ਪਲਾਂਟ ਲਾਉਣੇ ਪੰਜਾਬ ਲਈ ਫਾਇਦੇਮੰਦ ਨਹੀਂ ਪਰ ਵਾਤਾਵਰਨ ਪੱਖੋਂ ਸੌਰ ਊਰਜਾ ਬਾਇਓਮਾਸ ਨਾਲੋਂ ਜ਼ਿਆਦਾ ਸਾਫ ਹੈ। ਸੋ, ਪੰਜਾਬ ਕੋਲ ਜਿੰਨੀ ਵੀ ਸੌਰ ਸਮਰੱਥਾ ਹੈ, ਉਸ ਦਾ ਭਰਪੂਰ ਫਾਇਦਾ ਉਠਾਉਣਾ ਚਾਹੀਦਾ ਹੈ। ਜਿੱਥੇ ਕਿਤੇ ਵੀ ਸੰਭਵ ਅਤੇ ਕਫਾਇਤੀ ਹੋਵੇ, ਉੱਥੇ ਸੌਰ ਬਿਜਲੀ ਦੇ ਉਤਪਾਦਨ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ। ਲੋਕਾਂ ਨੂੰ ਘਰਾਂ ਦੀਆਂ ਛੱਤਾਂ ਉੱਪਰ ਸੋਲਰ ਪਲਾਂਟ ਲਾਉਣ ਲਈ ਕੇਂਦਰੀ ਸਰਕਾਰ ਅਤੇ ਦਿੱਲੀ ਸਰਕਾਰ ਦੀ ਤਰਜ਼ ’ਤੇ ਸਬਸਿਡੀ ਦੇਣੀ ਚਾਹੀਦੀ ਹੈ। ਇਸ ਨਾਲ ਜਿੱਥੇ ਬਿਜਲੀ ਕੰਪਨੀ ਤੋਂ ਬਿਜਲੀ ਦੀ ਮੰਗ ਘਟੇਗੀ ਉੱਥੇ ਲੋਕਾਂ ਨੂੰ ਬਿਜਲੀ ਤੋਂ ਆਮਦਨ ਵੀ ਹੋਵੇਗੀ।

ਹੁਣੇ-ਹੁਣੇ ਪੀ ਐੱਸ ਪੀ ਸੀ ਐੱਲ ਨੇ ਟੈਂਡਰ ਜਾਰੀ ਕੀਤਾ ਹੈ ਕਿ ਜੋ ਜ਼ਮੀਨੀ ਮਾਲਕ ਸੋਲਰ ਪਲਾਂਟ ਲਾਉਣ ਲਈ ਆਪਣੀ ਜ਼ਮੀਨ ਠੇਕੇ ’ਤੇ ਦੇਣ ਦੇ ਚਾਹਵਾਨ ਹਨ, ਉਹ ਆਪਣੀ ਇੱਛਾ ਜਾਹਿਰ ਕਰਨ। ਪੰਜਾਬ ਵਿਚ ਤਕਰੀਬਨ 7.25 ਲੱਖ ਏਕੜ ਸਾਂਝੀ ਜ਼ਮੀਨ ਮੁਸਤਰਕੇ ਅਤੇ ਸ਼ਾਮਲਾਟ-ਦੇਹ ਦੇ ਖਾਤੇ ਬੋਲਦੀ ਹੈ। ਇਨ੍ਹਾਂ ਸਾਂਝੀਆਂ ਜ਼ਮੀਨਾਂ ’ਤੇ ਨਾਜਾਇਜ਼ ਕਬਜ਼ੇ ਹੋਣ ਬਾਰੇ ਸਭ ਨੂੰ ਪਤਾ ਹੈ ਅਤੇ ਇਨ੍ਹਾਂ ਵਿੱਚੋਂ ਜੋ ਜ਼ਮੀਨਾਂ ਠੇਕੇ ਉੱਪਰ ਦਿੱਤੀਆਂ ਜਾਂਦੀਆਂ ਹਨ, ਉਨ੍ਹਾਂ ਦੀ ਕੀਮਤ ਵੀ ਪੂਰੀ ਨਹੀਂ ਪੈਂਦੀ। ਇਸੇ ਤਰ੍ਹਾਂ ਐੱਨ ਆਰ ਆਈਜ਼ ਨੂੰ ਵੀ ਜ਼ਮੀਨਾਂ ਦੱਬੇ ਜਾਣ ਰੈਵਨਿਊ ਰਿਕਾਰਡ ਵਿਚ ਛੇੜ-ਛਾੜ ਦਾ ਡਰ ਹਮੇਸ਼ਾ ਬਣਿਆ ਰਹਿੰਦਾ ਹੈ। ਸੋ, ਪੰਚਾਇਤਾਂ ਅਤੇ ਪਰਵਾਸੀਆਂ ਨੂੰ ਅਜਿਹੇ ਮਸਲਿਆਂ ਤੋਂ ਨਿਜਾਤ ਪਾਉਣ ਲਈ ਆਪਣੀ ਮਾਲਕੀ ਵਾਲੀਆਂ ਜ਼ਮੀਨਾਂ ਸੌਰ (ਸੋਲਰ) ਬਿਜਲੀ ਪਲਾਟਾਂ ਲਈ ਠੇਕੇ ’ਤੇ ਦੇਣ ਲਈ ਤਰਜੀਹ ਦੇਣੀ ਚਾਹੀਦੀ ਹੈ। ਇਸੇ ਤਰ੍ਹਾਂ ਸਰਕਾਰੀ ਮੁਲਾਜ਼ਮ ਵੀ ਆਪਣੀਆਂ ਜ਼ਮੀਨਾਂ ਸੌਰ ਊਰਜਾ ਲਈ ਠੇਕੇ ’ਤੇ ਦੇ ਸਕਦੇ ਹਨ।

ਇਸ ਤਰ੍ਹਾਂ ਕਰਨ ਨਾਲ ਰਾਜ ਅਤੇ ਜ਼ਮੀਨ ਮਾਲਕ ਦੋਨਾਂ ਧਿਰਾਂ ਦਾ ਫਾਇਦਾ ਹੋਵੇਗਾ। ਸਰਕਾਰ ਦੇ ਲਾਈਨ ਘਾਟੇ ਘਟਣਗੇ। ਵੋਲਟੇਜ ਵਿਚ ਸੁਧਾਰ ਹੋਣ ਦੇ ਨਾਲ-ਨਾਲ ਪ੍ਰਤੀ ਯੂਨਿਟ ਬਿਜਲੀ ਦੀ ਖਰੀਦ ਕੀਮਤ ਘਟੇਗੀ, ਬਿਜਾਲੀ ਸਸਤੀ ਹੋਵੇਗੀ ਅਤੇ ਪਾਣੀ ਦੀ ਵੀ ਬੱਚਤ ਹੋਵੇਗੀ। ਸੌਰ ਬਿਜਲੀ ਦੀ ਮਾਤਰਾ ਵਧਣ ਕਰ ਕੇ ਕਿਸਾਨਾਂ ਨੂੰ ਦਿਨ ਵੇਲੇ ਬਿਜਲੀ ਦੀ ਸਭ ਤੋਂ ਵੱਡੀ ਸਮੱਸਿਆ ਬਿਜਲੀ ਦੀ ‘ਅਸਥਾਈ ਸਿਖਰ ਮੰਗ’ ਨੂੰ ਕਾਬੂ ਕਰਨਾ ਹੈ। ਇਸ ਸਿਖਰ ਮੰਗ ਦਾ ਮੁੱਖ ਕਾਰਨ ਝੋਨੇ ਵਾਲੇ ਸੀਜ਼ਨ ਵਿਚ ਬਿਜਲੀ ਮੋਟਰਾਂ ਚੱਲਣਾ ਹੈ। ਖੇਤੀ ਖੇਤਰ ਬਿਜਲੀ ਦੀ ਕੁੱਲ ਖਪਤ ਦਾ 23% ਹਿੱਸਾ ਖਪਤ ਕਰਦਾ ਹੈ ਅਤੇ ਇਸ ਦਾ 80% ਹਿੱਸਾ ਸਿਰਫ ਇਸ ਸੀਜ਼ਨ ਵਿਚ ਵਰਤਿਆ ਜਾਂਦਾ ਹੈ। ਇਸ ਤਰ੍ਹਾਂ ਲੱਗੇ ਸੌਰ ਊਰਜਾ ਪਲਾਂਟ ‘ਅਸਥਾਈ ਸਿਖਰ ਮੰਗ’ ਨੂੰ ਕਾਬੂ ਕਰਨ ਵਿਚ ਸਹਾਈ ਹੋਣਗੇ।

ਸੌਰ ਊਰਜਾ ਉਤਪਾਦਨ ਲਈ ਦਿੱਤੀਆਂ ਪੰਚਾਇਤੀ ਅਤੇ ਨਿੱਜੀ ਜ਼ਮੀਨਾਂ ਨਾਜਾਇਜ਼ ਕਬਜ਼ਿਆਂ ਤੋਂ ਬਚੀਆਂ ਰਹਿਣਗੀਆਂ ਅਤੇ ਇਨ੍ਹਾਂ ਤੋਂ ਪੱਕੀ ਆਮਦਨ ਹੋਵੇਗੀ। ਉਂਝ ਵੀ ਪੰਜਾਬ ਵਿਚ ਖੇਤੀ ਤੋਂ ਆਮਦਨ ਪ੍ਰਤੀ ਏਕੜ ਜ਼ਮੀਨ ਬਹੁਤ ਸਾਰੇ ਸੂਬਿਆਂ ਤੋਂ ਘੱਟ ਹੈ, ਇਸ ਲਈ ਛੋਟੇ ਜ਼ਿਮੀਦਾਰ ਵੀ ਆਪਣੀ ਜ਼ਮੀਨ ਸੌਰ ਪਲਾਂਟ ਲਈ ਠੇਕੇ ’ਤੇ ਦੇ ਸਕਦੇ ਹਨ। ਪੀ ਐੱਸ ਪੀ ਸੀ ਐੱਲ ਨੂੰ ਇਸ ਸਕੀਮ ਤਹਿਤ ਠੇਕੇ ’ਤੇ ਲੈਣ ਵਾਲੀ ਜ਼ਮੀਨ ਦੀ ਪ੍ਰਕਿਰਿਆ ਨੂੰ ਹੋਰ ਸਰਲ ਬਣਾਉਣਾ ਚਾਹੀਦਾ ਹੈ। ਇਸ ਲਈ ਸਰਕਲ/ਜ਼ਿਲ੍ਹਾ ਪੱਧਰ ’ਤੇ ਨੋਡਲ ਅਫਸਰ ਨਿਯੁਕਤ ਕਰਨਾ ਚਾਹੀਦਾ ਹੈ ਤਾਂ ਕਿ ਇਸ ਪ੍ਰਕਿਰਿਆ ਨੂੰ ਪਾਰਦਰਸ਼ੀ, ਕਾਨੂੰਨੀ ਅਤੇ ਹੋਰ ਰੈਗੂਲੇਟਰੀ ਸਮੱਸਿਆਵਾਂ ਨਾਲ ਨਜਿੱਠਣ ਦੇ ਨਾਲ-ਨਾਲ ਜ਼ਮੀਨ ਮਾਲਕਾਂ ਨੂੰ ਢੁੱਕਵਾਂ ਮੁਆਵਜ਼ਾ ਵੀ ਮਿਲ ਸਕੇ।

ਗਾਜਰ ਘਾਹ ਤੋਂ ਖਾਦ ਕਿਵੇਂ ਬਣਾਈਏ?

ਤ੍ਰਿਭੁਵਨ ਸਿੰਘ ਰਾਜਪੁਰੋਹਿਤ, ਪੀ. ਐਚ. ਡੀ. ਵਿਦਿਆਰਥੀ ਪਸਾਰ ਸਿੱਖਿਆ ਵਿਭਾਗ,
ਸੁਮੰਤਰਾ ਆਰੀਆ, ਪੀ. ਐਚ. ਡੀ. ਵਿਦਿਆਰਥੀ ਭੂਮੀ ਵਿਗਿਆਨ ਵਿਭਾਗ, **ਡਾ. ਵੀ. ਐਸ. ਹੁੱਡਾ**,
ਸਹਾਇਕ ਵਿਗਿਆਨੀ ਖੇਤੀਬਾੜੀ ਵਿਗਿਆਨ ਵਿਭਾਗ, ਚੌਧਰੀ ਚਰਨ ਸਿੰਘ ਖੇਤੀਬਾੜੀ ਯੂਨੀਵਰਸਿਟੀ ਹਿਸਾਰ ।



ਇਹ ਇਕ ਪਰਮ ਸੱਚ ਹੈ ਕਿ ਅੱਜ ਭਾਰਤ ਵਿਚ ਗਾਜਰ ਘਾਹ ਹਾਈਸਟਰੋਫੋਰਸ ਪਾਰਥੇਨੀਅਮ ਮਨੁੱਖੀ ਜਾਨਵਰਾਂ, ਵਾਤਾਵਰਣ ਅਤੇ ਜੈਵ ਵਿਭਿੰਨਤਾ ਲਈ ਖਤਰਾ ਬਣਦਾ ਜਾ ਰਿਹਾ ਹੈ ਕਿਉਂਕਿ ਇਸ ਵਿਚ ਪਾਰਥੇਨ ਨਾਮਕ ਜ਼ਹਿਰੀਲਾ ਰਸਾਇਣ ਪਾਇਆ ਜਾਂਦਾ ਹੈ । ਨਦੀਨ ਵਿਗਿਆਨ ਖੋਜ ਡਾਇਰੈਕਟੋਰੇਟ (ਜਬਲਪੁਰ, ਮੱਧ ਪ੍ਰਦੇਸ਼) ਦੁਆਰਾ ਕੀਤੇ ਗਏ ਮੁਲਾਂਕਣ ਅਨੁਸਾਰ, ਗਾਜਰ ਘਾਹ ਭਾਰਤ ਵਿਚ ਲਗਭਗ 350 ਲੱਖ ਹੈਕਟੇਅਰ ਖੇਤਰ ਵਿਚ ਫੈਲਿਆ ਹੋਇਆ ਹੈ । ਜਿਸ ਨੇ ਹੋਰ ਖੇਤੀਬਾੜੀ ਵਿਗਿਆਨੀਆਂ ਦੀ ਨਜ਼ਰ ਵੀ ਫੜ ਲਈ ਹੈ ਅਤੇ ਉਨ੍ਹਾਂ ਨੇ ਇਸ ਖਤਰਨਾਕ ਨਦੀਨ ਨੂੰ ਕਾਬੂ ਕਰਨ ਲਈ ਇਕ ਆਸਾਨ ਅਤੇ ਲਾਭਦਾਇਕ ਤਰੀਕਾ ਲੱਭ ਲਿਆ ਹੈ, ਜਿਸਦਾ ਮੁੱਖ ਉਦੇਸ਼ ਇਸ ਤੋਂ ਕੀਮਤੀ ਖਾਦ ਤਿਆਰ ਕਰਨਾ ਹੈ, ਜਿਸ ਦਾ ਸਿਹਰਾ ਡਾਇਰੈਕਟੋਰੇਟ ਦੇ ਖੇਤੀਬਾੜੀ ਵਿਗਿਆਨੀਆਂ ਨੂੰ ਜਾਂਦਾ ਹੈ । ਨਦੀਨ ਵਿਗਿਆਨ ਖੋਜ, ਜਬਲਪੁਰ ਗਾਜਰ ਘਾਹ ਨਾ ਸਿਰਫ ਕਿਸਾਨਾਂ ਲਈ ਸਗੋਂ ਮਨੁੱਖੀ ਜਾਨਵਰਾਂ, ਵਾਤਾਵਰਣ ਅਤੇ ਜੈਵ ਵਿਭਿੰਨਤਾ ਲਈ ਵੀ ਗੰਭੀਰ ਖਤਰਾ ਬਣ ਰਿਹਾ ਹੈ । ਹੋਰ ਖੇਤੀ ਵਿਗਿਆਨੀਆਂ ਦਾ ਧਿਆਨ ਇਸ ਸਮੱਸਿਆ ਤੋਂ ਛੁਟਕਾਰਾ ਪਾਉਣ ਵੱਲ ਗਿਆ ਹੈ ਅਤੇ ਉਨ੍ਹਾਂ ਨੇ ਇਸ ਸਮੱਸਿਆ ਦੇ ਹੱਲ ਲਈ ਇੱਕ ਪ੍ਰਭਾਵਸ਼ਾਲੀ ਅਤੇ ਬਹੁਪੱਖੀ ਤਰੀਕਾ ਵਿਕਸਿਤ ਕੀਤਾ ਹੈ ਜਿਸ ਵਿਚ ਗਾਜਰ ਘਾਹ ਤੋਂ ਖਾਦ ਬਣਾਉਣ ਦਾ ਸੁਝਾਅ ਦਿੱਤਾ ਗਿਆ ਸੀ ਕਿਉਂਕਿ ਇਸ ਤੋਂ ਬਣੀ ਖਾਦ ਵਿਚ ਪੌਸ਼ਟਿਕ ਤੱਤ ਹੁੰਦੇ ਹਨ ।

ਗਾਜਰ ਘਾਹ ਤੋਂ ਕੰਪੋਸਟ ਕਿਵੇਂ ਬਣਾਈਏ?

ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ, ਉੱਲੀਨਾਸ਼ਕਾਂ ਦੀ ਅੰਨ੍ਹੇਵਾਹ ਵਰਤੋਂ ਕਾਰਨ ਸਾਡੀ ਧਰਤੀ ਦੀ ਸਿਹਤ ਅਤੇ ਉਪਜਾਊ ਸ਼ਕਤੀ ਦਿਨੋ-ਦਿਨ ਘਟਦੀ ਜਾ ਰਹੀ ਹੈ, ਇਸ ਤੋਂ ਇਲਾਵਾ ਪਾਣੀ, ਮਨੁੱਖ, ਜਾਨਵਰ ਅਤੇ ਵਾਤਾਵਰਨ 'ਤੇ ਵੀ ਮਾੜਾ ਅਸਰ ਪੈ ਰਿਹਾ ਹੈ । ਇਸ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਜੈਵਿਕ ਖਾਦਾਂ ਦੀ ਮਹੱਤਤਾ ਦਿਨ-ਬ-ਦਿਨ ਵਧਦੀ ਜਾ ਰਹੀ ਹੈ, ਇਸ ਸੰਦਰਭ ਵਿਚ ਸਾਡੇ ਦੇਸ਼ ਦੇ ਲਗਭਗ ਸਾਢੇ ਤਿੰਨ ਲੱਖ ਹੈਕਟੇਅਰ ਰਕਬੇ ਵਿਚ ਗਾਜਰ ਘਾਹ ਫੈਲਿਆ ਹੋਇਆ ਹੈ, ਜਿਸ ਨਾਲ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ ਇਸ ਤੋਂ ਸਾਨੂੰ ਇਸ ਸਮੱਸਿਆ ਤੋਂ ਛੁਟਕਾਰਾ ਮਿਲੇਗਾ ਅਤੇ ਸਾਨੂੰ ਕੀਮਤੀ ਖਾਦ ਮਿਲੇਗੀ ਜਿਸ ਨਾਲ ਖੇਤੀ ਉਤਪਾਦਨ ਵਧੇਗਾ ਅਤੇ ਖਾਦ ਵੇਚਣ ਤੋਂ ਹੋਰ ਵਾਲੀ ਆਮਦਨ ਵੀ ਵਧੇਗੀ ।

ਖਾਦ ਬਣਾਉਣ ਦਾ ਤਰੀਕਾ :

ਗਾਜਰ ਘਾਹ ਦੇ ਬੀਜ ਜੋ ਕਿ ਠੰਡ ਅਤੇ ਗਰਮੀ ਪ੍ਰਤੀ ਸੰਵੇਦਨਸ਼ੀਲ ਨਹੀਂ ਹਨ, ਵਿਚ ਸੁਸਤਤਾ ਦੀ ਘਾਟ ਕਾਰਨ, ਫਲਾਂ ਅਤੇ ਫੁੱਲਾਂ ਵਾਲੇ ਗਾਜਰ ਘਾਹ ਦੇ ਪੌਦੇ ਇੱਕੋ ਸਮੇਂ ਖੇਤਾਂ ਵਿਚ ਦਿਖਾਈ ਦਿੰਦੇ ਹਨ । ਇਸ ਲਈ, ਨਦੀਨ ਕਰਕੇ ਸਮੇਂ ਫੁੱਲਦਾਰ ਪੌਦਿਆਂ ਨੂੰ ਹਟਾਉਣਾ ਜ਼ਰੂਰੀ ਹੈ । ਫਿਰ ਵੀ ਕਿਸਾਨਾਂ ਨੂੰ ਖਾਦ ਬਣਾਉਣ ਲਈ ਗਾਜਰ ਘਾਹ ਦੀ ਵਰਤੋਂ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ । ਇਸ ਲਈ, ਇਸ ਨੂੰ ਉਸ ਸਮੇਂ ਪੁੱਟੋ ਜਦੋਂ ਫੁੱਲਾਂ ਦੀ ਮਾਤਰਾ ਘੱਟ ਹੋਵੇ, ਗਾਜਰ ਘਾਹ ਨੂੰ ਉਖਾੜ ਦੇਵੇਗੀ, ਉੱਚ ਗੁਣਵੱਤਾ ਵਾਲੀ ਖਾਦ ਪੈਦਾ ਹੋਵੇਗੀ ਅਤੇ ਫਸਲ ਦੀ ਉਤਪਾਦਕਤਾ ਵੀ ਉਸੇ ਹੱਦ ਤੱਕ ਵਧੇਗੀ ।

ਕੰਪੋਸਟ ਬਣਾਉਣ ਦੀ ਵਿਧੀ ਹੇਠ ਲਿਖੇ ਅਨੁਸਾਰ ਹੈ :

ਆਪਣੇ ਖੇਤ ਜਾਂ ਜ਼ਮੀਨ 'ਤੇ ਢੁੱਕਵੀਂ ਅਤੇ ਉੱਚੀ ਥਾਂ 'ਤੇ 3×6×10 ਡੂੰਘਾਈ-ਚੌੜਾਈ-ਲੰਬਾਈ ਦੇ ਆਕਾਰ ਦਾ ਟੋਆ ਬਣਾਓ ਜਿੱਥੇ ਪਾਣੀ ਖੜੋਤ ਨਾ ਹੋਵੇ । ਹਾਲਾਂਕਿ, ਤੁਸੀਂ ਆਪਣੀ ਸਹੂਲਤ ਅਨੁਸਾਰ, ਕਾਸ਼ਤ ਵਾਲੀ ਜ਼ਮੀਨ ਵਿਚ ਗਾਜਰ ਘਾਹ ਦੀ ਮਾਤਰਾ ਦੇ ਅਨੁਸਾਰ ਲੰਬਾਈ ਅਤੇ ਚੌੜਾਈ ਨੂੰ ਘਟਾ ਸਕਦੇ ਹੋ । ਪਰ ਡੂੰਘਾਈ 3 ਤੋਂ ਘੱਟ ਜਾਂ ਵੱਧ ਨਹੀਂ ਹੋਣੀ ਚਾਹੀਦੀ ।

ਜੇ ਸੰਭਵ ਹੋਵੇ, ਤਾਂ ਟੋਏ ਦੀ ਸਤ੍ਹਾ ਅਤੇ ਪਾਸੇ ਦੀਆਂ ਕੰਧਾਂ 'ਤੇ ਪੱਥਰ ਇਸ ਤਰ੍ਹਾਂ ਰੱਖੋ ਕਿ ਕੱਚੀ ਜ਼ਮੀਨ ਦਾ ਬਣਿਆ ਟੋਆ ਠੋਸ ਬਣ ਜਾਵੇ ਤਾਂ ਜੋ ਖਾਦ ਦੇ ਪੌਸ਼ਟਿਕ ਤੱਤ ਬਾਹਰ ਨਾ ਨਿਕਲਣ । ਲੋੜੀਂਦੀ ਸਮੱਗਰੀ : ਫਸਲੀ ਮੇਲਿਆਂ ਅਤੇ ਆਸ-ਪਾਸ ਦੀਆਂ ਥਾਂਵਾਂ ਤੋਂ ਫੁੱਲ ਰਹਿਤ ਗਾਜਰਾਂ ਅਤੇ ਘਾਹ ਨੂੰ ਉਨ੍ਹਾਂ ਦੀਆਂ ਜੜ੍ਹਾਂ ਸਮੇਤ ਪੁੱਟੋ ਅਤੇ ਟੋਏ ਦੇ ਨੇੜੇ ਲਗਭਗ 15-100 ਕਿਲੋ ਖਾਦ, 100 ਕਿਲੋ ਕੱਚਾ ਗੋਬਰ, 10 ਕਿਲੋ ਯੂਰੀਆ, 2 ਕੁਇੰਟਲ ਮਿੱਟੀ ਅਤੇ 200 ਲੀਟਰ ਪਾਣੀ ਇਕੱਠਾ ਕਰ ਲਓ ।

ਟੋਏ ਨੂੰ ਭਰਨ ਦਾ ਤਰੀਕਾ :

ਟੋਏ ਨੂੰ ਭਰਨ ਤੋਂ ਪਹਿਲਾਂ, 50 ਕਿਲੋ ਗਾਜਰ ਘਾਹ ਦੀ ਇਕ ਪਰਤ ਪੂਰੀ ਲੰਬਾਈ ਅਤੇ ਚੌੜਾਈ ਵਿਚ ਚੰਗੀ ਤਰ੍ਹਾਂ ਗਾਂ ਦੇ ਗੋਬਰ ਵਿਚ ਵਿਛਾਓ ਅਤੇ 5 ਕਿਲੋ ਗੋਬਰ ਨੂੰ 20 ਲੀਟਰ ਪਾਣੀ ਵਿਚ ਚੰਗੀ ਤਰ੍ਹਾਂ ਘੋਲੋ ਅਤੇ ਫਿਰ ਇਸ ਦੀ ਪਰਤ ਉੱਤੇ ਛਿੜਕ ਦਿਓ । ਗਾਜਰ ਘਾਹ ਨੂੰ ਇਸ ਤੋਂ ਬਾਅਦ 500 ਗ੍ਰਾਮ ਯੂਰੀਆ ਅਤੇ 3 ਕਿਲੋ ਰਾਕ ਫਾਸਫੇਟ ਨੂੰ ਪਾਣੀ ਵਿਚ ਘੋਲੋ ਅਤੇ ਇਸ ਦਾ ਛਿੜਕਾਅ ਕਰੋ ਤਾਂ ਕਿ ਗਾਜਰ ਘਾਹ ਪੂਰੀ ਤਰ੍ਹਾਂ ਬਦਲ ਜਾਵੇ , ਜੇਕਰ ਯੂਰੀਆਂ ਜਾਂ ਰਾਕ ਫਾਸਫੇਟ ਉਪਲਬਧ ਨਾ ਹੋਵੇ, ਤਾਂ ਉਸ ਸਥਿਤੀ ਵਿਚ ਤੁਹਾਨੂੰ ਟ੍ਰਾਈਕੋਡਰਮਾ ਵਿਰਾਈਡ, ਟ੍ਰਾਈਕੋਡਰਮਾ ਹਰਜਾਨੀਆ ਫੰਗਸ ਦਾ ਕਲਚਰ 50 ਗ੍ਰਾਮ ਦੀ ਦਰ ਨਾਲ ਜੂਨ ਵਿਚ ਹੀ ਪਾਉਣਾ ਚਾਹੀਦਾ ਹੈ । ਇਸ ਵਰਕ ਕਲਚਰ ਨੂੰ ਜੋੜਨ ਨਾਲ ਵੱਡੇ ਗਾਜਰ ਘਾਹ ਦੇ ਪੌਦਿਆਂ ਦਾ ਸੜਨ ਬਹੁਤ ਤੇਜ਼ ਰਫਤਾਰ ਨਾਲ ਹੁੰਦਾ ਹੈ ਅਤੇ ਖਾਦ ਵੀ ਜਲਦੀ ਤਿਆਰ ਹੋ ਜਾਂਦੀ ਹੈ । ਇਸ ਟੋਏ ਵਿਚ 37 ਤੋਂ 42 ਕਿਲੋ ਤਾਜ਼ੇ ਕੱਟੇ ਹੋਏ ਘਾਹ ਨੂੰ ਰੱਖਿਆ ਜਾਂਦਾ ਹੈ, ਜਿਸ ਤੋਂ 37 ਤੋਂ 45 ਪ੍ਰਤੀਸ਼ਤ ਖਾਦ ਪ੍ਰਾਪਤ ਕੀਤੀ ਜਾਂਦੀ ਹੈ । ਖਾਦ ਪਾਉਣ ਦੇ ਪੰਜ-ਛੇ ਮਹੀਨੇ ਬਾਅਦ ਵੀ, ਟੋਏ ਵਿੱਚੋਂ ਖਾਦ ਕੱਢਦੇ ਸਮੇਂ, ਤੁਸੀਂ ਮਹਿਸੂਸ ਕਰ ਸਕਦੇ ਹੋ ਕਿ ਗਾਜਰ ਦਾ ਸੰਘਣਾ ਤਣਾਂ ਚੰਗੀ ਤਰ੍ਹਾਂ ਸੜਿਆ ਨਹੀਂ ਹੈ, ਪਰ ਇਸ ਨੂੰ ਖਾਦ ਦੇ ਟੋਏ ਵਿਚ ਬਾਹਰ ਕੱਢ ਕੇ ਛਾਂ ਵਿਚ ਪਾਓ ਇਸ ਨੂੰ ਫੈਲਾਉਣ ਅਤੇ ਥੋੜਾ ਸੁੱਕਣ ਤੋਂ ਬਾਅਦ, ਇਸ ਨੂੰ ਸਟੈਕ ਕਰੋ । ਜੇਕਰ ਤੁਹਾਨੂੰ ਅਜੇ ਵੀ ਫਾਇਬਰ ਵਾਲੇ ਅਨਾਜ ਮਿਲਦੇ ਹਨ, ਤਾਂ ਜਾਂ ਤਾਂ ਉਹਨਾਂ ਨੂੰ ਸਟਿਕਸ ਜਾਂ ਮੋਰਟਾਰ ਦੀ ਮਦਦ ਨਾਲ ਪੀਸ ਲਓ । ਇਸ ਖਾਦ ਨੂੰ 2 ਪੁਆਇੰਟ 2 ਸੈਂਟੀਮੀਟਰ ਦੇ ਛੇਕ ਵਾਲੇ ਜਾਲ ਰਾਹੀਂ ਫਿਲਟਰ ਕੀਤਾ ਜਾਣਾ ਚਾਹੀਦਾ ਹੈ ਅਤੇ ਉਪਰੋਂ ਰਹਿੰਦ-ਖੂੰਹਦ ਨੂੰ ਵੱਖ ਕੀਤਾ ਜਾਣਾ ਚਾਹੀਦਾ ਹੈ ।

ਖਾਦ ਦਾ ਪੌਸ਼ਟਿਕ ਮੁੱਲ :

ਨੈਸ਼ਨਲ ਡਾਇਰੈਕਟੋਰੇਟ ਆਫ ਵੀਡ ਸਾਇੰਸ ਰਿਸਰਚ, ਜਬਲਪੁਰ ਦੁਆਰਾ ਕੀਤੇ ਗਏ ਇਕ ਤੁਲਨਾਤਮਕ ਅਧਿਐਨ ਵਿਚ ਇਹ ਸਾਹਮਣੇ ਆਇਆਂ ਹੈ ਕਿ ਗਾਜਰਾਂ ਤੋਂ ਬਣੀ ਖਾਦ ਵਿਚ ਮੁੱਖ ਪੌਸ਼ਟਿਕ ਤੱਤਾਂ ਹਨ । (ਸਾਰਣੀ-1)

ਫਸਲਾਂ ਵਿਚ ਵਰਤੋਂ : ਗਾਜਰ ਘਾਹ ਦੀ ਖਾਦ ਨੂੰ 2.0 ਤੋਂ 2 ਕੁਇੰਟਲ 25 ਕਿਲੋ ਪ੍ਰਤੀ ਹੈਕਟੇਅਰ ਦੀ ਦਰ ਨਾਲ ਬਿਜਾਈ ਤੋਂ ਪਹਿਲਾਂ ਖੇਤ ਦੀ ਅੰਤਿਮ ਤਿਆਰੀ ਦੌਰਾਨ ਮਿੱਟੀ ਵਿਚ ਚੰਗੀ ਤਰ੍ਹਾਂ ਮਿਲਾਉਣਾ ਚਾਹੀਦਾ ਹੈ ।

ਵਪਾਰਕ ਵਰਤੋਂ : ਸਵੈ-ਬਣਾਈ ਖਾਦ ਦੀ ਵਰਤੋਂ ਕਿਸਾਨ ਬਿਨਾਂ ਜਾਣੇ ਵੀ ਕਰ ਸਕਦਾ ਹੈ । ਤਿਆਰ ਕੀਤੀ ਖਾਦ ਨੂੰ ਛਾਂ ਵਿਚ ਸੁਕਾ ਕੇ ਵੱਡੇ ਜਾਂ ਛੋਟੇ ਪਲਾਸਟਿਕ ਦੇ ਥੈਲਿਆਂ ਵਿਚ ਪੈਕ ਕਰੋ, ਜਿਹੜੇ ਲੋਕ, ਛੋਟੇ ਕਿਸਾਨ, ਬੇਰੋਜ਼ਗਾਰ ਨੌਜਵਾਨ ਗਾਜਰ ਘਾਹ ਦੀ ਵਪਾਰਕ ਖਾਦ ਬਣਾਉਣਾ ਚਾਹੁੰਦੇ ਹਨ, ਉਹ ਵਪਾਰਕ ਸਬਜ਼ੀਆਂ, ਫਸਲਾਂ ਅਤੇ ਬਾਗਬਾਨੀ ਲਈ 1.5 ਕਿਲੋ ਦੇ ਪੈਕੇਟ ਦੀ ਵਰਤੋਂ ਕਰ ਸਕਦੇ ਹਨ । ਵਰਤੋਂ ਲਈ 25 ਤੋਂ 50 ਕਿਲੋ ਦੇ ਪੈਕੇਟ ਵੀ ਤਿਆਰ ਕਰਕੇ ਜਾ ਸਕਦੇ ਹਨ ।

ਫਾਇਦੇ : ਗਾਜਰ ਘਾਹ ਦੀ ਖਾਦ ਦੇ ਕਈ ਫਾਇਦੇ ਹਨ । ਜਦੋਂ ਗਾਜਰ ਘਾਹ ਬਣ ਜਾਂਦੀ ਹੈ, ਤਾਂ ਇਸ ਦੇ ਜੀਵਤ ਅਵਸਥਾ ਵਿਚ ਪਾਇਆ ਜਾਣ ਵਾਲਾ ਜ਼ਹਿਰੀਲਾ ਰਸਾਇਣਕ ਹਿੱਸਾ ਪੂਰੀ ਤਰ੍ਹਾਂ ਸੜ ਜਾਂਦਾ ਹੈ ਅਤੇ ਇਸਦਾ ਜ਼ਹਿਰੀਲਾ ਪ੍ਰਭਾਵ ਵੀ ਖਤਮ ਹੋ ਜਾਂਦਾ ਹੈ, ਇਹ ਖਾਦ ਇਕ ਅਜਿਹੀ ਖਾਦ ਹੈ ਕਿ ਇਸਦੀ ਵਰਤੋਂ ਮਿੱਟੀ, ਪਾਣੀ ਅਤੇ ਹਵਾ ਦੇ ਪ੍ਰਦੂਸ਼ਣ ਨੂੰ ਘਟਾਉਣ ਵਿਚ ਮਦਦ ਕਰਦੀ ਹੈ । ਇਸ ਦਾ ਮਨੁੱਖਾਂ, ਜਾਨਵਰਾਂ ਆਦਿ 'ਤੇ ਕੋਈ ਮਾੜਾ ਪ੍ਰਭਾਵ ਨਹੀਂ ਪੈਂਦਾ, ਜੈਵਿਕ ਖਾਦ ਹੋਣ ਕਾਰਨ ਇਹ ਵਾਤਾਵਰਣ ਅਨੁਕੂਲ ਹੈ । ਇਸ ਦੀ ਵਰਤੋਂ ਨਾਲ ਰਸਾਇਣਕ ਖਾਦਾਂ ਦੀ ਲੋੜ ਨੂੰ ਘਟਾਇਆ ਜਾ ਸਕਦਾ ਹੈ । ਮਿੱਟੀ ਦੇ ਭੌਤਿਕ, ਰਸਾਇਣਕ ਅਤੇ ਜੈਵਿਕ ਗੁਣ ਵਧਦੇ ਹਨ । ਇਸਦੇ ਕਾਰਨ, ਮਿੱਟੀ ਦੀ ਉਤਪਾਦਕਤਾ ਵਧਦੀ ਹੈ, ਸਾਰੀ ਮਿੱਟੀ ਵਿਚ ਗਾਜਰ ਘਾਹ ਦੀ ਖਾਦ ਪਾਉਣ ਨਾਲ ਇਸਦਾ pH ਮੁੱਲ ਵਿਚ ਸੁਧਾਰ ਹੁੰਦਾ ਹੈ ।

ਗਾਜਰ ਘਾਹ ਦੀ ਖਾਦ ਇਕ ਸੰਤੁਲਿਤ ਖਾਦ ਹੈ ਜਿਸ ਵਿਚ ਨਾਈਟ੍ਰੋਜਨ ਪੋਟਾਸ਼ ਕੈਲਸ਼ੀਅਮ ਮੈਗਨੀਸ਼ੀਅਮ ਪੌਸ਼ਕ ਤੱਤ ਹੁੰਦੇ ਹਨ ਜੋ ਕਿ ਗੋਬਰ ਦੀ ਖਾਦ ਵਿਚ ਮੌਜੂਦ ਪੌਸ਼ਟਿਕ ਤੱਤਾਂ ਤੋਂ ਵੱਧ ਹੁੰਦੇ ਹਨ । ਇਸ 'ਚ ਮਾਈਕ੍ਰੋ ਨਿਊਟ੍ਰੀਐਂਟਸ ਵੀ ਪਾਏ ਜਾਂਦੇ ਹਨ । ਇਹ ਬਹੁਤ ਘੱਟ ਲਾਗਤ 'ਤੇ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਵਧਾਉਂਦਾ ਹੈ । ਇਸਦੀ ਵਰਤੋਂ ਨਾਲ ਮਿੱਟੀ ਦੀ ਪਾਣੀ ਸੋਖਣ ਅਤੇ ਪਾਣੀ ਰੱਖਣ ਦੀ ਸਮਰੱਥਾ ਵਧਦੀ ਹੈ । ਵੱਡੀ ਮਾਤਰਾ ਵਿਚ ਕੰਪੋਸਟ ਬਣਾ ਕੇ ਵੇਚ ਕੇ ਵਾਧੂ ਕਮਾਈ ਕੀਤੀ ਜਾ ਸਕਦੀ ਹੈ । ਮਿੱਟੀ ਵਿਚ ਕਾਰਬਨ ਵਧਦਾ ਹੈ, ਜਿਸ ਨਾਲ ਮਿੱਟੀ ਦੀ ਬਣਤਰ ਵਿਚ ਸੁਧਾਰ ਹੁੰਦਾ ਹੈ । ਜ਼ਮੀਨ ਦੀ ਸਿਹਤ ਠੀਕ ਰਹੇਗੀ ਅਤੇ ਇਸ ਦੀ ਉਤਪਾਦਕਤਾ ਵਧੇਗੀ, ਦੇਸ਼ ਦੀ ਖੇਤੀ ਪੈਦਾਵਾਰ ਵਧੇਗੀ ਅਤੇ ਕਿਸਾਨ ਵੀ ਖੁਸ਼ਹਾਲ ਹੋਣਗੇ ।

ਸਾਰਣੀ-1 : ਤੁਲਨਾਤਮਕ ਅਧਿਐਨ

	ਪੌਸ਼ਟਿਕ ਮੁੱਲ %				
	N	P	K	Ca	Mg
ਗਾਜਰ ਘਾਹ ਖਾਦ	1.05	0.84	1.11	0.90	0.55
ਵਰਮੀ ਕੰਪੋਸਟ	1.61	0.68	1.31	0.65	0.43
ਖੇਤ ਵਿਹੜੇ ਦੀ ਖਾਦ	0.45	0.30	0.54	0.59	0.28



ਸਾਵਧਾਨੀਆਂ

ਕੰਪੋਸਟ ਟੋਏ ਨੂੰ ਇਕ ਛਾਂਦਾਰ, ਉੱਚੀ ਖੁੱਲ੍ਹੀ ਜਗ੍ਹਾ ਵਿਚ ਬਣਾਓ ਜਿੱਥੇ ਪਾਣੀ ਖੜੋਤ ਨਾ ਹੋਵੇ, ਖਾਦ ਬਣਾਉਣ ਵੇਲੇ ਲੋੜੀਂਦੀ ਨਮੀਂ ਬਣਾਈ ਰੱਖੋ ਅਤੇ ਖੁਸ਼ਕ ਸਥਿਤੀਆਂ ਨੂੰ ਰੋਕੋ । ਗਾਜਰ ਘਾਹ ਨੂੰ ਹਰ ਸਾਲ ਫੁੱਲ ਆਉਣ ਤੋਂ ਪਹਿਲਾਂ ਪੁੱਟ ਦੇਣਾ ਚਾਹੀਦਾ ਹੈ ਕਿਉਂਕਿ ਇਸ ਵਿਚ ਭਰਪੂਰ ਪੱਤੇ ਹੁੰਦੇ ਹਨ । ਕੰਪੋਸਟ ਟੋਏ ਵਿਚ ਲੋੜੀਂਦੀ ਸਮੱਗਰੀ ਭਰਨ ਤੋਂ ਬਾਅਦ, ਇਸ ਨੂੰ ਗੋਬਰ, ਮਿੱਟੀ ਅਤੇ ਤੂੜੀ ਦੇ ਮਿਸ਼ਰਣ ਨਾਲ ਮਿਲਾਉਣਾ ਚਾਹੀਦਾ ਹੈ । ਇਕ ਮਹੀਨੇ ਬਾਅਦ ਲੋੜ ਅਨੁਸਾਰ ਟੋਏ 'ਤੇ ਘੱਟ ਪਾਣੀ ਦਾ ਛਿੜਕਾਅ ਕਰਦੇ ਰਹੋ । ਜੇਕਰ ਇਹ ਬਹੁਤ ਜ਼ਿਆਦਾ ਸੁੱਕੀ ਮਹਿਸੂਸ ਹੋਵੇ, ਤਾਂ ਕਾਂਬਾ ਦੀ ਮਦਦ ਨਾਲ ਉੱਪਰਲੀ ਸਖਤ ਪਰਤ ਵਿਚ ਇਕ ਛੇਕ ਬਣਾਓ ਅਤੇ ਇਸ ਵਿਚ ਪਾਣੀ ਪਾਓ । ਪਾਣੀ ਪਾਉਣ ਤੋਂ ਬਾਅਦ ਛੇਕਾਂ ਨੂੰ ਦੁਬਾਰਾ ਬੰਦ ਕਰ ਦੇਣਾ ਚਾਹੀਦਾ ਹੈ ਤਾਂ ਜੋ ਖਾਦ ਸੜਨ ਤੋਂ ਬਾਅਦ ਜਲਦੀ ਤਿਆਰ ਹੋ ਜਾਵੇ । ਜੇਕਰ ਪ੍ਰਭਾਵਿਤ ਖੇਤਰਾਂ ਵਿਚ ਗਾਜਰ ਘਾਹ ਦੇ ਫੁੱਲ ਆਉਣ ਤੋਂ ਪਹਿਲਾਂ ਉਪਰੋਕਤ ਵਿਧੀ ਦੁਆਰਾ ਖਾਦ ਤਿਆਰ ਕੀਤੀ ਜਾਂਦੀ ਹੈ, ਤਾਂ ਉਨ੍ਹਾਂ ਨੂੰ ਖੇਤਾਂ ਵਿਚ ਪਾਉਣ ਲਈ ਨਾ ਸਿਰਫ ਖਾਦ ਮਿਲੇਗੀ, ਸਗੋਂ ਗਾਜਰ ਘਾਹ ਦਾ ਹੱਲ ਵੀ ਮਿਲੇਗਾ । ਖਾਦ ਦੇ ਟੋਏ ਦੇ ਨੇੜੇ ਨਦੀਨਾਂ ਦੇ ਪੌਦਿਆਂ ਨੂੰ ਹਟਾਓ ਜੋ ਬੀਜ ਬਣਾ ਕੇ ਅਤੇ ਫੁੱਲ ਆਉਣ ਤੋਂ ਬਾਅਦ ਖਾਦ ਨੂੰ ਦੂਸ਼ਿਤ ਕਰ ਸਕਦੇ ਹਨ ।

ਇਤਿਹਾਸਕ ਗੁਰਦੁਆਰਾ ਸ੍ਰੀ ਸਰਦੂਲ ਸਰ ਸਾਹਿਬ, ਪਿੰਡ ਮਲਕਪੁਰ (ਲੁਧਿਆਣਾ)

ਇਹ ਪਵਿੱਤਰ ਅਸਥਾਨ ਖੰਨਾ ਤੋਂ 6 ਕਿਲੋਮੀਟਰ ਦੀ ਦੂਰੀ 'ਤੇ ਪਿੰਡ ਮਲਕਪੁਰ ਵਿਖੇ ਸਥਿਤ ਹੈ। ਇਹ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਮਹਾਰਾਜ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ। ਗੁਰੂ ਜੀ ਪਿੰਡ ਜੱਸੜਾਂ, ਪਿੰਡ ਡਡਹੇੜੀ ਦੀ ਢਾਬ 'ਤੇ ਸੰਗਤਾਂ ਨੂੰ ਨਿਹਾਲ ਕਰਦੇ ਹੋਏ ਤੇ ਸ਼ਰਧਾਲੂਆਂ ਨੂੰ ਤਾਰਦੇ ਹੋਏ ਨੇੜਲੇ ਨਗਰ ਅਜਨੇਰ ਆਏ। ਪਿੰਡ ਅਜਨੇਰ ਦੀ ਇਕ ਜੋਹੜ ਦੀ ਜਗ੍ਹਾ ਜੋ ਪਿੰਡ ਅਜਨੇਰ ਦੀ ਪੱਛਮ ਦਿਸ਼ਾ ਵੱਲ ਸਥਿਤ ਹੈ, ਉੱਤੇ ਆ ਕੇ ਠਹਿਰੇ। ਚਾਰੇ ਦਿਸ਼ਾਵਾਂ ਤੋਂ ਸੰਗਤਾਂ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਉਣ ਲੱਗੀਆਂ। ਕਈ ਸੇਵਾਦਾਰ ਰਸਦਾਂ ਦੁੱਧ ਲੈ ਕੇ ਹਾਜ਼ਿਰ ਹੁੰਦੇ। ਜਿਨ੍ਹਾਂ ਵਿੱਚੋਂ ਫੱਤੂ ਡੂਮ, ਨਿਗਾਹੀਆ ਝਿਉਰ, ਜਗਤਾ ਜੱਟ ਸੈਦਪੁਰ, ਪਿੰਡ ਮਾਨੂੰਪੁਰ ਤੋਂ ਪੂਰਨ ਬ੍ਰਾਹਮਣ, ਪਿੰਡ ਮਲਕਪੁਰ ਤੋਂ ਪਾਖਰ ਜੱਟ ਖੰਗੂੜਾ ਗੋਤ, ਭੜੀ ਤੋਂ ਪ੍ਰੇਮਾਂ ਖਿਲੂ ਰੰਗੜ ਆਦਿ ਸੇਵਾਦਾਰ ਸਨ। ਕੁੱਝ ਸਮਾਂ ਬੀਤ ਜਾਣ 'ਤੇ ਪਿੰਡ ਜੱਲ੍ਹਣਪੁਰ ਤੋਂ ਇਕ ਬ੍ਰਾਹਮਣਾਂ ਦੀ ਲੜਕੀ ਜਿਸ ਦਾ ਨਾਂਅ ਮਾਹੇਸ਼ਵਰੀ ਦੇਵੀ ਸੀ, ਵੀ ਆਉਣ ਲੱਗੀ। ਮਾਹੇਸ਼ਵਰੀ ਦੇਵੀ ਰੋਜ਼ ਝਾੜੂ ਦੀ ਸੇਵਾ ਕਰਦੀ ਤੇ ਝਾੜੂ ਦੀ ਸੇਵਾ ਕਰਕੇ ਦੂਰ ਜਾ ਬੈਠਦੀ। ਇਕ ਦਿਨ ਦੀਨ ਦਿਆਲੂ, ਜਾਣੀ ਜਾਣ, ਮੀਰੀ-ਪੀਰੀ ਦੇ ਮਾਲਕ ਸ੍ਰੀ ਹਰਗੋਬਿੰਦ ਸਾਹਿਬ ਜੀ ਦੀ ਨਜ਼ਰ ਉਸ ਲੜਕੀ ਪਰ ਗਈ। ਗੁਰੂ ਜੀ ਨੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਉਸ ਲੜਕੀ ਨੂੰ ਮੇਰੇ ਪਾਸ ਲਿਆਵੋ। ਸਿੱਖਾਂ ਨੇ ਮਾਹੇਸ਼ਵਰੀ ਦੇਵੀ ਨੂੰ ਗੁਰੂ ਜੀ ਸਾਹਮਣੇ ਪੇਸ਼ ਕੀਤਾ। ਗੁਰੂ ਜੀ ਨੇ ਮਾਹੇਸ਼ਵਰੀ ਦੇਵੀ ਨੂੰ ਪੁੱਛਿਆ ਕਿ ਤੇਰੀ



ਤਸਵਿੰਦਰ ਸਿੰਘ ਬੜੈਚ,
ਪਿੰਡ ਦੀਵਾਲਾ, ਤਹਿਸੀਲ ਸਮਰਾਲਾ,
ਜ਼ਿਲ੍ਹਾ ਲੁਧਿਆਣਾ
(ਮੋ. 7527931887)

ਇਹ ਦਸ਼ਾ ਕਿਉਂ ਹੋਈ ਹੈ।

ਮਾਹੇਸ਼ਵਰੀ ਦੇਵੀ ਨੇ ਕਿਹਾ ਕਿ ਮੈਂ ਪਿੰਡ ਜੱਲਣਪੁਰ ਤੋਂ ਬ੍ਰਾਂਹਮਣਾਂ ਦੀ ਲੜਕੀ ਹਾਂ, ਮੈਨੂੰ ਕੁਸ਼ਟ ਰੋਗ ਹੈ ਇਸ ਲਈ ਮੇਰੇ ਘਰ ਵਾਲੇ ਨੇ ਅਤੇ ਮਾਤਾ-ਪਿਤਾ ਨੇ ਮੈਨੂੰ ਘਰੋਂ ਨਿਕਾਲ ਦਿੱਤਾ ਹੈ। ਹੁਣ ਤੁਹਾਡੇ ਇੱਥੇ ਆਉਣ ਦੀ ਖਬਰ ਸੁਣ ਕੇ ਮੈਂ ਕਈ ਦਿਨਾਂ ਤੋਂ ਝਾੜੂ ਦੀ ਸੇਵਾ ਕਰ ਜਾਂਦੀ ਹਾਂ ਅਤੇ ਲੰਗਰ ਤੋਂ ਪ੍ਰਸ਼ਾਦਾ ਛੱਕ ਲੈਂਦੀ ਹਾਂ। ਗੁਰੂ ਜੀ ਨੇ ਮਾਹੇਸ਼ਵਰੀ ਦੇਵੀ ਨੂੰ ਕਿਹਾ ਕਿ ਕੱਲ੍ਹ ਨੂੰ ਮਾਘ ਦੀ ਸੰਗਰਾਂਦ ਹੈ, ਅਸੀਂ ਇਸ਼ਨਾਨ ਕਰਾਂਗੇ ਔਰ ਤੂੰ ਵੀ ਇਸ ਜਗ੍ਹਾ ਇਸ਼ਨਾਨ ਕਰ ਲਵੀਂ ਤੇ ਗੁਰੂ ਗੁਰੂ ਜਪੀਂ, ਤੇਰਾ ਰੋਗ ਕੱਟ ਜਾਵੇਗਾ। ਦੂਜੇ ਦਿਨ ਸੰਗਰਾਂਦ ਨੂੰ ਸਤਿਗੁਰੂ ਜੀ ਨੇ ਸ਼ਸਤਰ ਮਾਰ ਕੇ ਧਰਤੀ 'ਚੋਂ ਚਸ਼ਮਾ ਵਗਾ ਦਿੱਤਾ। ਗੁਰੂ ਜੀ ਨੇ ਉਸ ਚਸ਼ਮੇਂ ਦੇ ਜਲ ਨਾਲ ਪਹਿਲਾਂ ਆਪ ਇਸ਼ਨਾਨ ਕੀਤਾ ਤੇ ਫਿਰ ਮਾਹੇਸ਼ਵਰੀ ਦੇਵੀ ਨੂੰ ਕਿਹਾ ਕਿ ਤੂੰ ਵੀ ਇਸ਼ਨਾਨ ਕਰ ਲੈ। ਮਾਹੇਸ਼ਵਰੀ ਦੇਵੀ ਨੇ ਇਸ਼ਨਾਨ ਕੀਤਾ ਤੇ ਉਸ ਦੀ ਸਰਵ ਦੇਹੀ ਸੁੰਦਰ ਬਣ ਗਈ ਤੇ ਮਾਹੇਸ਼ਵਰੀ ਦੇਵੀ ਦਾ ਕੁਸ਼ਟ ਰੋਗ ਦੂਰ ਹੋ ਗਿਆ। ਕੁੱਝ ਸਮਾਂ ਹੋਰ ਬੀਤਣ ਤੇ ਗੁਰੂ ਜੀ ਚੇਤ ਦੀ ਸੰਗਰਾਂਦ ਮਨਾ ਕੇ ਪਿੰਡ ਅਜਨੇਰ ਤੋਂ ਪਿੰਡ ਮਲਕਪੁਰ ਦੀ ਛਿਪਦੀ ਵੱਲ੍ਹ, ਜਿੱਥੇ ਪਾਣੀ ਦਾ ਜੋਹੜ ਸੀ, ਜਿੱਥੇ ਅੱਜਕੱਲ੍ਹ ਗੁਰਦੁਆਰਾ ਸ੍ਰੀ ਸਰਦੂਲ ਸਰ ਸਾਹਿਬ ਸੁਸ਼ੋਭਿਤ ਹੈ, ਜਾ ਬਿਰਾਜੇ। ਸਤਿਗੁਰਾਂ ਨਾਲ 150 ਪੈਦਲ ਤੇ ਘੋੜ ਸਵਾਰ ਵੀ ਸਨ। ਇਸ ਪਿੰਡ ਦੇ ਪਾਖਰ ਜੱਟ, ਰਲੀਆ ਰਾਮ ਤਰਖਾਣ, ਬਲੀਆਂ ਨਾਈ ਆਦਿ ਸਿੰਘਾਂ ਨੇ ਗੁਰੂ ਜੀ ਦੀ ਤਨੋਂ ਮਨੋਂ ਬੇਹੱਦ ਸੇਵਾ ਕੀਤਾ। ਗੁਰੂ ਜੀ ਚਾਰ ਰੋਜ ਇਸ ਨਗਰ ਵਿਚ ਠਹਿਰ ਕੇ ਮੰਜੀ



ਸਾਹਿਬ, ਪਿੰਡ ਬਰਮਾਲੀਪੁਰ ਦੇ ਨੇੜੇ ਜਾ ਬਿਰਾਜੇ। ਗੁਰਦੁਆਰਾ ਸਰਦੂਲ ਸਰ ਸਾਹਿਬ ਦੀ ਆਲੀਸ਼ਾਨ ਦੋ ਮੰਜ਼ਿਲਾ ਇਮਾਰਤ ਬਣੀ ਹੋਈ ਹੈ। ਹੇਠਲੀ ਮੰਜ਼ਿਲ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ, ਜਿਥੇ ਸੰਗਤਾਂ ਸ਼ਰਧਾ ਨਾਲ ਮੱਥਾ ਟੇਕਦੀਆਂ ਹਨ ਅਤੇ ਬੜੇ ਹੀ ਪਿਆਰ ਨਾਲ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰਦੀਆਂ ਹਨ। ਦਰਸ਼ਨ ਕਰਕੇ ਆਪਣਾ ਜੀਵਨ ਸਫਲ ਕਰਦੀਆਂ ਹਨ।

ਅੰਬੀ ਦਾ ਬੂਟਾ ਹਰਿਆ ਵੇ ਢੋਲਿਆ...

ਡਾ. ਬਲਵਿੰਦਰ ਸਿੰਘ ਲੱਖੇਵਾਲੀ
ਸੰਪਰਕ : 98142-39041

ਮਨੁੱਖ ਦੀ ਅੰਬ ਨਾਲ ਸਾਂਝ ਸਦੀਆਂ ਪੁਰਾਣੀ ਹੈ। ਅੰਬ ਦੇ ਪੱਤੇ, ਬੂਰ, ਫਲ ਯਾਨੀ ਪੂਰੇ ਦਾ ਪੂਰਾ ਰੁੱਖ ਸਾਡੀ ਜ਼ਿੰਦਗੀ ਵਿੱਚ ਅਲੱਗ-ਅਲੱਗ ਪੱਖਾਂ ਤੋਂ ਆਪਣੀ ਹਾਜ਼ਰੀ ਲਵਾਉਂਦਾ ਹੈ। ਅੰਬ ਦਾ ਜ਼ਿਕਰ ਸਾਡੇ ਵੇਦਾਂ-ਗ੍ਰੰਥਾਂ ਵਿੱਚ ਵੀ ਵੇਖਣ ਨੂੰ ਮਿਲਦਾ ਹੈ। ਅੰਬ ਦੀ ਹੋਂਦ ਭਾਰਤ ਵਿੱਚ ਕੋਈ ਦੋ-ਚਾਰ ਸੌ ਸਾਲ ਪੁਰਾਣੀ ਨਹੀਂ, ਬਲਕਿ ਇਹ ਤਕਰੀਬਨ ਚਾਰ ਹਜ਼ਾਰ ਸਾਲਾਂ ਤੋਂ ਉੱਗ ਰਿਹਾ ਹੈ। ਰਮਾਇਣ, ਮਹਾਂਭਾਰਤ, ਕਾਲੀਦਾਸ ਦੀਆਂ ਰਚਨਾਵਾਂ, ਗੌਤਮ ਬੁੱਧ ਨਾਲ ਸਬੰਧ ਕਥਾਵਾਂ ਆਦਿ ਸਭ ਅੰਬ ਦੀਆਂ ਵਿਸ਼ੇਸ਼ਤਾਵਾਂ ਅਤੇ ਮਨੁੱਖੀ ਸਬੰਧ ਨੂੰ ਸਾਡੇ ਸਨਮੁੱਖ ਪੇਸ਼ ਕਰਦੇ ਹਨ। ਅੰਬ ਨੂੰ ਜੀਵਾਂ ਦੇ ਦੇਵਤਾ ਪ੍ਰਜਾਪਤੀ ਦਾ ਘੋਸ਼ਣਾ-ਪੱਤਰ ਸਮਝਿਆ ਜਾਂਦਾ ਹੈ ਅਤੇ ਇਸ ਦੇ ਪੱਤਰ ਖਾਸ ਸਮੇਂ ਜਾਂ ਮੌਕੇ 'ਤੇ ਘਰਾਂ ਦੇ ਦਰਵਾਜ਼ਿਆਂ 'ਤੇ ਟੰਗੇ ਜਾਂਦੇ ਹਨ। ਇਸ ਤੋਂ ਇਲਾਵਾ ਮਾਘ ਦੇ ਮਹੀਨੇ ਦੇ ਦੂਜੇ ਦਿਨ ਅੰਬ ਦਾ ਬੂਰ ਚੰਨ ਨੂੰ ਅਰਪਣ ਕੀਤਾ ਜਾਂਦਾ ਹੈ।

ਅੰਬ ਨੂੰ ਸਾਡਾ ਰਾਸ਼ਟਰੀ ਫਲ ਹੋਣ ਦਾ ਮਾਣ ਮਿਲਿਆ ਹੋਇਆ ਹੈ, ਪ੍ਰੰਤੂ ਇਹ ਗੱਲ ਘੱਟ ਹੀ ਲੋਕ ਜਾਣਦੇ ਹਨ ਕਿ 14ਵੀਂ ਸਦੀ ਵਿੱਚ ਅਮੀਰ ਖੁਸਰੋ ਨੇ ਅੰਬ ਨੂੰ ਫਲਾਂ ਦਾ ਬਾਦਸ਼ਾਹ ਆਖਿਆ ਸੀ। ਸਿੱਖ ਧਰਮ ਵਿੱਚ ਅੰਬ ਦਾ ਸਬੰਧ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਏ ਜੀ ਨਾਲ ਜੁੜਦਾ ਹੈ ਅਤੇ 1559 ਵਿੱਚ ਗੁਰੂ ਸਾਹਿਬ ਮੁਹਾਲੀ ਵਿਖੇ ਆਏ ਸਨ, ਜਿੱਥੇ ਗੁਰਦੁਆਰਾ ਅੰਬ ਸਾਹਿਬ ਸੁਸ਼ੋਭਿਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਅੰਬ ਦਾ ਜ਼ਿਕਰ ਵੇਖਣ ਨੂੰ ਮਿਲਦਾ ਹੈ :

ਕੋਕਿਲ ਅੰਬ ਪਰੀਤਿ ਚਵੈ ਸੁਹਾਵੀਆ
ਮਨ ਹਰਿ ਰੰਗੁ ਕੀਜੀਐ।

ਦਰਅਸਲ, ਕੋਇਲ ਅਤੇ ਅੰਬ ਦੇ ਬੂਟੇ ਦਾ ਬਹੁਤ ਗਹਿਰਾ ਸਬੰਧ ਹੈ। ਜਦੋਂ ਵੀ ਕਿਧਰੇ ਕੋਇਲ ਕੂਕਣ ਦੀ ਗੱਲ ਕੰਨੀਂ ਪੈਂਦੀ ਹੈ ਤਾਂ ਮਨੋ-ਮਨ ਇੱਕ ਅਜਬ ਜਿਹਾ ਮਾਹੌਲ ਦਿਲੋ-ਦਿਮਾਗ ਵਿੱਚ ਘੁੰਮਣ ਲੱਗ ਜਾਂਦਾ ਹੈ। ਅੰਬੀਆਂ ਨੂੰ ਬੂਰ ਪੈਣਾ, ਕੋਇਲ ਦਾ ਕੂਕਣਾ, ਅੰਬ ਦੇ ਰੁੱਖਾਂ ਦੀ ਠੰਢੜੀ ਛਾਂ, ਕਿਸੇ ਮੁਟਿਆਰ ਦਾ ਪ੍ਰਦੇਸੀ ਹੋਏ ਢੋਲ ਨੂੰ ਉਡੀਕਣਾ, ਸਾਨੂੰ ਸੋਚਾਂ-ਸੋਚਾਂ ਵਿੱਚ ਕਿਤੇ ਦੂਰ ਲੈ ਜਾਂਦਾ ਹੈ।

ਅੰਬੀ ਦਾ ਬੂਟਾ ਹਰਿਆ ਵੇ ਢੋਲਿਆ,
ਸਾਡੇ ਤਾਂ ਵਿਹੜੇ ਕਾਂ ਵੀ ਨਾ ਬੋਲਿਆ।
ਆਜਾ ਕਿਤੇ ਵਾਅ ਬਣ ਕੇ.....

ਜੇਕਰ ਗੱਲ ਰਾਜਿਆਂ-ਮਹਾਰਾਜਿਆਂ ਦੀ ਕਰੀਏ ਤਾਂ ਉਨ੍ਹਾਂ ਦਾ ਪਿਆਰ ਵੀ ਅੰਬ ਪ੍ਰਤੀ ਕਿਸੇ ਪਾਸਿਓਂ ਘੱਟ ਨਹੀਂ ਸੀ। ਮੁਗਲ ਬਾਦਸ਼ਾਹ ਖਾਸ ਤੌਰ 'ਤੇ ਅੰਬਾਂ ਦੇ ਸ਼ੌਕੀਨ ਸਨ। ਅਕਬਰ ਨੇ ਦੇਸ਼ ਦੇ ਕਈਂ ਹਿੱਸਿਆਂ ਵਿੱਚ ਅੰਬਾਂ ਦਾ ਰੁੱਖ ਲਵਾਏ। ਦਰਬੰਗਾ ਸ਼ਹਿਰ ਜੋ ਬਿਹਾਰ ਵਿੱਚ ਪੈਂਦਾ ਹੈ, ਉਸ ਸਥਾਨ ਤੇ ਬਾਦਸ਼ਾਹ ਅਕਬਰ ਨੇ ਤਕਰੀਬਨ ਸੌ ਬਿੱਘਿਆਂ ਵਿਚ ਅੰਬਾਂ ਦਾ ਬਾਗ ਲਵਾਇਆ ਸੀ, ਜਿੱਥੇ ਰੁੱਖਾਂ ਦੀ ਗਿਣਤੀ ਲੱਖ ਹੋਣ ਸਦਕਾ ਉਸ ਨੂੰ ਲਾਖਾ ਜਾਂ ਲੱਖੀ ਬਾਗ ਦਾ ਨਾਂ ਦਿੱਤਾ ਗਿਆ ਜੋ ਅੱਜ ਵੀ ਕਾਫੀ ਮਸ਼ਹੂਰ ਹੈ। ਸਾਡੇ ਗੁਆਂਢੀ ਸੂਬੇ ਦੇ ਜ਼ਿਲ੍ਹੇ ਅੰਬਾਲਾ ਦਾ ਨਾਂ ਵੀ ਅੰਬ ਤੋਂ ਪਿਆ, ਕਹਿਣ ਤੋਂ ਭਾਵ ਅੰਬ ਵਾਲਾ। ਇਸ ਪਿੱਛੇ ਕਾਰਨ ਇਹੀ ਹੈ ਕਿ ਅੰਬਾਲੇ ਜ਼ਿਲ੍ਹੇ ਵਿੱਚ ਅੰਬ ਬਹੁਤ ਜ਼ਿਆਦਾ ਪੈਦਾ ਹੁੰਦਾ ਸੀ। ਚੰਡੀਗੜ੍ਹ ਦੇ ਬੁੜੈਲ ਪਿੰਡ ਵਿੱਚ ਅੰਬ ਦਾ ਬਹੁਤ ਵੱਡਾ ਦਰੱਖਤ ਹੈ ਜੋ ਆਪਣੇ ਆਕਾਰ ਸਦਕਾ ਭਾਰਤ ਅਤੇ ਬਾਹਰ ਵੀ ਪ੍ਰਸਿੱਧ ਹੈ। ਪੰਜਾਬ ਵਿੱਚ ਦੁਆਬੇ ਨੂੰ ਅੰਬਾਂ ਦਾ ਦੇਸ਼ ਕਿਹਾ ਜਾਂਦਾ ਹੈ।

'ਅੰਬੀਆਂ ਨੂੰ ਤਰਸੇਗੀ ਛੱਡ ਕੇ ਦੇਸ਼ ਦੁਆਬਾ'

ਇਹ ਲੋਕ ਬੋਲੀ ਇਸ ਗੱਲ ਦੀ ਪ੍ਰੋੜਤਾ ਕਰਦੀ ਹੈ। ਡਾ. ਮਹਿੰਦਰ ਸਿੰਘ ਰੰਧਾਵਾ ਕੰਮ-ਕਾਰ ਦੀ ਚਿੰਤਾ ਵਿੱਚ ਫਸੇ ਸੱਜਣਾ ਨੂੰ ਸਲਾਹ ਦਿੰਦੇ ਸਨ ਕਿ ''ਜਾਓ ਹੁਸ਼ਿਆਰਪੁਰ ਦੇ ਬਾਗਾਂ 'ਚ ਪੰਦਰਾਂ ਦਿਨ ਅੰਬ ਚੂਸੋ ਅਤੇ ਭੁੱਲ ਜਾਓ ਕਿ ਤੁਸੀਂ ਪੜ੍ਹੇ ਲਿਖੇ ਹੋ।'' ਡਾ. ਰੰਧਾਵਾ ਨੇ ਆਪਣੇ ਸਮੇਂ 'ਚ ਅੰਬ ਵਿਰਾਸਤ ਨੂੰ ਬਚਾਉਣ ਲਈ ਦਸੂਆ ਨੇੜੇ ਪਿੰਡ ਗੰਗੀਆ ਵਿਖੇ 'ਅੰਬ ਖੋਜ ਕੇਂਦਰ' ਸਥਾਪਿਤ ਕਰਵਾਇਆ ਸੀ। ਪੰਜਾਬ ਦੇ ਖਾਸ ਕਰ ਦੁਆਬੇ ਇਲਾਕੇ ਵਿੱਚ ਅੰਬਾਂ ਦੇ ਕਈ ਬਾਗ ਅੱਜ ਵੀ ਬਹੁਤ ਮਸ਼ਹੂਰ ਹਨ। ਭੂੰਗਾ ਵਿਖੇ 'ਕਾਲਾ ਬਾਗ' ਗੜ੍ਹਦੀਵਾਲ ਕੋਲ ਪਿੰਡ ਡੱਫਰ ਵਿਖੇ 'ਮਹੰਤਾਂ ਦਾ ਬਾਗ', 'ਚੌਧਰੀਆਂ ਦਾ ਬਾਗ' ਨੇੜੇ ਭੀਖੋਵਾਲ ਆਦਿ ਕਈ ਬਾਗ ਹਨ। ਹਰਿਆਣਾ ਨੇੜੇ ਪਿੰਡ ਬੱਸੀ ਉਤਰ ਖਾਨ ਵਿਖੇ ਕਈ ਦਹਾਕੇ ਪੁਰਾਣਾ 'ਇਨਾਮੀ ਬਾਗ' ਕਾਫੀ ਜ਼ਿਆਦਾ ਮਸ਼ਹੂਰ ਹੈ। ਅੰਬਾਂ ਦੀਆਂ ਦੇਸੀ ਕਿਸਮਾਂ ਦਿਨ-ਬ-ਦਿਨ ਘਟਦੀਆਂ ਅਤੇ ਅਲੋਪ ਹੁੰਦੀਆਂ ਜਾ ਰਹੀਆਂ



ਹਨ। ਅੰਬਾਂ ਦਾ ਦੇਸ਼ ਦੁਆਬਾ ਖੁਦ ਹੁਣ ਅੰਬਾਂ ਦੇ ਰੁੱਖਾਂ ਦੀ ਗਿਣਤੀ ਪੱਖੋਂ ਹੌਲਾ ਹੁੰਦਾ ਜਾ ਰਿਹਾ ਹੈ। ਅੰਬ ਦਾ ਮੂਲ ਸਥਾਨ ਭਾਰਤ ਜਾਂ ਦੱਖਣੀ ਏਸ਼ਿਆਈ ਇਲਾਕਾ ਮੰਨਿਆ ਜਾਂਦਾ ਹੈ। ਜੰਗਲੀ ਰੂਪ ਵਿੱਚ ਵਧੇ-ਫੁੱਲੇ ਰੁੱਖ ਦੀ ਉਮਰ ਤਿੰਨ-ਚਾਰ ਸੌ ਸਾਲ ਤੱਕ ਵੀ ਹੋ ਸਕਦੀ ਹੈ। ਕਿਸਮ ਅਨੁਸਾਰ ਛੋਟੇ ਤੋਂ ਦਰਮਿਆਨੇ ਅਤੇ ਦਰਮਿਆਨੇ ਤੋਂ ਵੱਡੇ ਆਕਾਰ ਦਾ ਇਹ ਰੁੱਖ ਸਦਾ ਬਹਾਰੀ ਹੈ। ਇਸ ਦੇ ਪੱਤੇ ਲੰਬੂਤਰੇ ਜਿਹੇ ਹੁੰਦੇ ਹਨ ਅਤੇ ਬਹੁਤ ਜ਼ਿਆਦਾ ਅਤੇ ਸੰਘਣੀਆਂ ਟਾਹਣੀਆਂ ਹੋਣ ਕਰਕੇ ਸੰਘਣਾ ਛਤਰ ਬਣਾ ਲੈਂਦਾ ਹੈ। ਇਸੇ ਕਰਕੇ ਲੋਕ ਗੀਤਾਂ 'ਚ ਅੰਬ ਦੀ ਸੰਘਣੀ ਛਾਂ ਦਾ ਜ਼ਿਕਰ ਵੀ ਵੇਖਣ ਨੂੰ ਮਿਲਦਾ ਹੈ :

ਅੰਬਾਂ ਤੇ ਤੂਤਾਂ ਦੀ ਠੰਢੀ ਛਾਂ
ਕੋਈ ਪ੍ਰਦੇਸੀ ਜੋਗੀ ਆ ਲੱਥਾ
ਚੱਲ ਨੀ ਚੱਲ ਭਾਬੋ ਬਾਗ
ਬਾਗ ਦੇ ਪੱਜ ਜੋਗੀ ਵੇਖੀਏ

ਇਲਾਕਿਆਂ ਤੇ ਵਾਤਾਵਰਨ ਅਨੁਸਾਰ ਤਕਰੀਬਨ ਫਰਵਰੀ-ਮਾਰਚ ਮਹੀਨੇ ਦੌਰਾਨ ਅੰਬਾਂ ਦੇ ਬੂਟਿਆਂ ਨੂੰ ਬੂਰ ਪੈ ਜਾਂਦਾ ਹੈ। ਫੁੱਲ੍ਹਾਂ ਜਾਂ ਬੂਰ ਵਿੱਚੋਂ ਆਉਂਦੀ ਮਿੱਠੀ-ਮਿੱਠੀ ਸੁਗੰਧੀ ਮਾਹੌਲ ਨੂੰ ਹੋਰ ਖੁਸ਼ਨੁਮਾ ਬਣਾਉਂਦੀ ਹੈ। ਸਮਾਂ ਪਾ ਕੇ ਇਹੀ ਬੂਰ ਅੱਤ ਗਰਮੀ ਦੇ ਦਿਨੀਂ ਫਲਾਂ ਵਿੱਚ ਤਬਦੀਲ ਹੋ ਜਾਂਦਾ ਹੈ।

ਜੇਠ-ਹਾੜ੍ਹ ਵਿੱਚ ਅੰਬ ਬਥੇਰੇ ਸੋਣ ਜਾਮਨੂੰ ਪੀਲਾਂ,
ਰਾਂਝਿਆਂ ਆ ਜਾ ਵੇ, ਤੈਨੂੰ ਪਾ ਕੇ ਪਟਾਰੀ ਵਿੱਚ ਕੀਲਾਂ।

ਸਾਡੇ ਦੇਸ਼ ਵਿੱਚ ਅੰਬਾਂ ਦੀਆਂ ਅਨੇਕਾਂ ਕਿਸਮਾਂ ਪ੍ਰਸਿੱਧ ਅਤੇ ਵੇਖਣ ਨੂੰ ਮਿਲਦੀਆਂ ਹਨ। ਇੱਕ ਅੰਦਾਜ਼ੇ ਮੁਤਾਬਕ ਇਕੱਲੇ ਭਾਰਤ ਵਿੱਚ 500 ਤੋਂ 1000 ਕਿਸਮਾਂ ਦੇ ਅੰਬ ਪਾਏ ਜਾਂਦੇ ਹਨ। ਜਿਨ੍ਹਾਂ ਵਿੱਚੋਂ 150 ਕਿਸਮਾਂ ਤਾਂ ਸਿਰਫ ਉੱਤਰ ਪ੍ਰਦੇਸ਼ ਵਿੱਚ ਪਾਈਆਂ ਜਾਂਦੀਆਂ ਹਨ। ਅੰਬ ਦਾ ਵਾਧਾ ਮੁੱਖ ਰੂਪ ਵਿੱਚ ਪਿਉਂਦ ਰਾਹੀਂ ਕੀਤਾ ਜਾਂਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਲੋਂ ਅੰਬਾਂ ਦੀਆਂ ਕਾਫੀ ਕਿਸਮਾਂ ਵਿਕਸਤ ਕੀਤੀਆਂ ਗਈਆਂ ਹਨ। ਪੰਜਾਬ ਵਿੱਚ ਅੰਬ ਦੇ ਪੌਦੇ ਲਾਉਣ ਲਈ ਢੁਕਵਾਂ ਸਮਾਂ ਫਰਵਰੀ-ਮਾਰਚ ਜਾਂ ਅਗਸਤ-ਸਤੰਬਰ ਮਹੀਨਿਆਂ ਦੌਰਾਨ ਹੁੰਦਾ ਹੈ।

ਅੰਬ ਤੋਂ ਅਨੇਕਾਂ ਤਰ੍ਹਾਂ ਦੇ ਉਤਪਾਦ ਜਿਵੇਂ ਕਿ ਆਚਾਰ, ਮੁਰੱਬਾ, ਜੂਸ, ਸਕੁਐਸ਼, ਜੈਮ, ਜੈਲੀ, ਚਟਣੀ, ਅੰਬ-ਪਾਪੜ, ਅਮਚੂਰ ਆਦਿ ਵਸਤਾਂ ਤਿਆਰ ਕੀਤੀਆਂ ਜਾਂਦੀਆਂ ਹਨ। ਅੰਬ ਦੇ ਆਚਾਰ ਦਾ ਤਾਂ ਹਰ ਘਰ ਸ਼ੌਕੀਨ ਹੈ। ਪੰਜਾਬ ਵਿੱਚ ਕੋਈ ਵਿਰਲਾ ਹੀ ਘਰ ਹੋਵੇਗਾ, ਜੋ ਅੰਬ ਦਾ ਆਚਾਰ ਨਹੀਂ ਰੱਖਦਾ ਹੋਏਗਾ। ਕਈ ਲੋਕ ਗਰੀਬੀ ਸਦਕਾ ਅਤੇ ਕਈ ਸ਼ੌਂਕ ਵਜੋਂ ਇਕੱਲੇ ਅੰਬ ਦੀ ਫਾੜੀ ਨਾਲ ਰੋਟੀ ਖਾਣਾ ਵੀ ਪਸੰਦ ਕਰਦੇ ਹਨ।

ਮੱਕੀ ਦੀ ਰੋਟੀ ਉੱਤੇ ਅੰਬ ਦੀਆਂ ਫਾੜੀਆਂ,
ਸਹੁਰੇ ਕਾਹਨੂੰ ਜਾਣਾ, ਜਿਹਨੇਂ ਪੇਕੀਂ ਲਾਈਆਂ ਯਾਰੀਆਂ।

ਅੰਬ ਨਾਲ ਸਬੰਧਤ ਵੱਖ-ਵੱਖ ਚੀਜ਼ਾਂ ਤੋਂ ਸਾਨੂੰ ਸਵਾਦ ਦੀ ਪ੍ਰਾਪਤੀ ਤਾਂ ਹੁੰਦੀ ਹੀ ਹੈ, ਇਸ ਦੇ ਨਾਲ-ਨਾਲ ਕਈਂ ਤਰ੍ਹਾਂ ਦੇ ਵਿਟਾਮਿਨ ਅਤੇ ਸਰੀਰ ਲਈ ਲੋੜੀਂਦੇ ਤੱਤ ਮਿਲਦੇ ਹਨ ਜੋ ਸਾਡੀ ਸਿਹਤ ਨੂੰ ਨਰੋਆ ਰੱਖਣ ਵਿੱਚ ਸਹਾਈ ਹੁੰਦੇ ਹਨ। ਮਸਾਲੇ ਲਾ ਕੇ ਪਕਾਏ ਹੋਏ ਅੰਬਾਂ ਨਾਲੋਂ ਕੁਦਰਤੀ ਰੂਪ ਵਿੱਚ ਪੱਕੇ ਅੰਬ ਕਿਤੇ ਜ਼ਿਆਦਾ ਗੁਣਕਾਰੀ ਅਤੇ ਲਾਭਕਾਰੀ ਹੁੰਦੇ ਹਨ। ਅੰਬ ਦੇ ਬੀਜ ਵੀ ਖਾਣਯੋਗ ਹੁੰਦੇ ਹਨ ਅਤੇ ਪੱਤਿਆਂ ਨੂੰ ਚਾਰੇ ਦੇ ਰੂਪ ਵਿੱਚ ਵਰਤਿਆ ਜਾ ਸਕਦਾ ਹੈ। ਇਸ ਦੇ ਪੱਤਿਆਂ ਨੂੰ ਅਨੇਕਾਂ ਧਾਰਮਿਕ ਰੀਤੀ-ਰਿਵਾਜਾਂ ਵਿੱਚ ਵਰਤਿਆ ਜਾਂਦਾ ਹੈ। ਅੰਬ ਦੇ ਬੀਜ, ਪੱਤੇ, ਗੂੰਦ ਅਤੇ ਰੇਸ਼ੇ ਆਦਿ ਤੋਂ ਅਨੇਕਾਂ ਬਿਮਾਰੀਆਂ ਲਈ ਨੁਸਖੇ ਤਿਆਰ ਕੀਤੇ ਜਾਂਦੇ ਹਨ।

ਕੁੱਲ ਮਿਲਾ ਕੇ ਅੰਬ ਸਾਡੀ ਮਨੁੱਖੀ ਜ਼ਿੰ

ਪੀਣ ਵਾਲੇ ਪਾਣੀ : ਛੱਪੜਾਂ ਤੋਂ ਸਬਮਰਸੀਬਲਾਂ ਤੱਕ

ਸੁਖਰਾਜ ਗੋਂਦਾਰਾ,
ਬਰਗਾੜੀ (ਫਰੀਦਕੋਟ)
ਮੋ. 99145-30330



ਸਾਨੂੰ ਇਸ ਗੱਲ ਨੂੰ ਵੀ ਨਹੀਂ ਭੁੱਲਣਾ ਚਾਹੀਦਾ ਕਿ ਪਾਣੀ ਸਾਡੇ ਜੀਵਨ ਦੀ ਬਹੁਤ ਜ਼ਰੂਰੀ ਵਸਤੂ ਹੈ ਅਤੇ ਇਸ ਸੰਬੰਧੀ ਅਸੀਂ 'ਜਲ ਹੈ ਤਾਂ ਕੱਲ੍ਹ ਹੈ', 'ਜਲ ਹੀ ਜੀਵਨ ਹੈ', ਕੁੱਖ 'ਚ ਧੀ, ਧਰਤੀ 'ਚ ਪਾਣੀ ਜੇ ਨਾ ਸਾਂਭੇ ਤਾਂ ਖਤਮ ਕਹਾਣੀ', ਆਦਿ ਵਰਗੇ ਨਾਅਰੇ ਲਾਉਂਦੇ, ਪੜ੍ਹਦੇ ਅਤੇ ਸੁਣਦੇ ਹਾਂ। ਪ੍ਰੰਤੂ ਫਿਰ ਵੀ ਅਸੀਂ ਪਾਣੀ ਨੂੰ ਸਾਂਭਣ ਲਈ ਸੁਚੇਤ ਨਹੀਂ ਹੋ ਰਹੇ।

ਪਾਣੀ ਸਾਡੇ ਜੀਵਨ ਦਾ ਮਹੱਤਵਪੂਰਨ ਅੰਗ ਹੈ ਕਿਉਂਕਿ ਵਿਗਿਆਨ ਅਨੁਸਾਰ ਜੀਵਨ ਦੀ ਉਤਪਤੀ ਪਾਣੀ ਤੋਂ ਹੀ ਹੋਈ ਹੈ। ਆਦਿ ਮਾਨਵ ਤੋਂ ਲੈ ਕੇ ਮਨੁੱਖ ਨੇ ਉੱਥੇ ਹੀ ਰਹਿਣਾ ਠੀਕ ਸਮਝਿਆ ਜਿੱਥੇ ਪੀਣ ਵਾਲੇ ਪਾਣੀ ਦਾ ਖਾਸ ਪ੍ਰਬੰਧ ਸੀ। ਜਦੋਂ ਮਨੁੱਖ ਕੋਲ ਏਨੀ ਬੁੱਧੀ ਅਤੇ ਸਾਧਨ ਨਹੀਂ ਸਨ ਕਿ ਉਹ ਪਾਣੀ ਨੂੰ ਇਕ ਥਾਂ ਤੋਂ ਦੂਜੀ ਥਾਂ ਜਮ੍ਹਾਂ ਕਰਨ ਲਈ ਲਿਜਾ ਸਕਦਾ ਤਾਂ ਉਸ ਸਮੇਂ ਮਨੁੱਖ ਨੇ ਪਾਣੀ ਦੇ ਕੁਦਰਤੀ ਸੋਮੇ ਨਦੀਆਂ, ਦਰਿਆਵਾਂ ਅਤੇ ਪਾਣੀ ਦੇ ਝਰਨਿਆਂ ਨਜ਼ਦੀਕ ਰਹਿਣਾ ਹੀ ਠੀਕ ਸਮਝਿਆ। ਇਸ ਤਰ੍ਹਾਂ ਮਨੁੱਖੀ ਵਿਕਾਸ ਦਾ ਸਿਲਸਿਲਾ ਅੱਗੇ ਵਧਦਾ ਗਿਆ ਤਾਂ ਫਿਰ ਜਦੋਂ ਵਰਖਾ ਦਾ ਪਾਣੀ ਨੀਵੀ ਥਾਵਾਂ 'ਤੇ ਵੱਡੀ ਮਾਤਰਾ ਵਿਚ ਜਮ੍ਹਾ ਹੋ ਜਾਂਦਾ ਹੈ ਜੋ ਮਨੁੱਖ ਦੇ ਸਾਲਾਂ ਤੱਕ ਵਰਤਣ ਲਈ ਕਾਫੀ ਹੁੰਦਾ ਤਾਂ ਮਨੁੱਖ ਨੇ ਇਥੇ ਰਹਿਣਾ ਵੀ ਠੀਕ ਸਮਝਿਆ ਅਤੇ ਰਹਿਣ ਵਾਲੀ ਵਸੋਂ ਨੂੰ ਪਿੰਡਾਂ ਦਾ ਨਾਂਅ ਦਿੱਤਾ ਅਤੇ ਪਾਣੀ ਦੇ ਇਨ੍ਹਾਂ ਕੁਦਰਤੀ ਸੋਮਿਆਂ ਨੂੰ ਛੱਪੜਾਂ ਦਾ ਨਾਂਅ ਦਿੱਤਾ ਗਿਆ। ਇਸ ਨਾਲ ਮਨੁੱਖੀ ਜ਼ਿੰਦਗੀ ਕਾਫੀ ਸੁਖਾਲੀ ਹੋਈ ਅਤੇ ਵਿਕਾਸ ਵਿਚ ਪਹਿਲਾਂ ਨਾਲੋਂ ਕੁਝ ਤੇਜ਼ੀ ਆਈ।



ਫਿਰ ਮਨੁੱਖ ਕੋਲ ਸਾਧਨ ਤੇ ਕੁਝ ਬੁੱਧੀ ਵੀ ਆ ਗਈ ਤਾਂ ਉਸ ਨੇ ਨੀਵੀਆਂ ਥਾਵਾਂ ਨੂੰ ਪੁੱਟ ਕੇ ਇਸ ਕਦਰ ਡੂੰਘਾ ਕਰ ਲਿਆ ਜਿਨ੍ਹਾਂ ਵਿਚ ਮੀਂਹ ਦਾ ਜਮ੍ਹਾਂ ਹੋਇਆ ਪਾਣੀ ਬਹੁਤ ਜ਼ਿਆਦਾ ਸ਼ੁੱਧ ਤੇ ਸਾਫ ਰਹਿੰਦਾ ਸੀ। ਬੜਾ ਲੰਮਾ ਸਮਾਂ ਇਹ ਛੱਪੜ ਮਨੁੱਖੀ ਜੀਵਨ ਲਈ ਵਰਦਾਨ ਰਹੇ ਤੇ ਇਸ ਕਰਕੇ ਹੀ ਰਵਾਇਤੀ ਦਿਨ-ਤਿਉਹਾਰਾਂ ਉੱਪਰ ਇਨ੍ਹਾਂ ਦੀ ਪੂਜਾ ਬੜੇ ਸਤਿਕਾਰ ਨਾਲ ਹੁੰਦੀ ਸੀ। ਫਿਰ ਜਦੋਂ ਇਨ੍ਹਾਂ ਦੀ ਵਰਤੋਂ ਘੱਟ ਹੋਣ ਲੱਗੀ ਤਾਂ ਪਿੰਡਾਂ 'ਚ ਖੂਹ ਲਾਉਣੇ ਭਾਵੇਂ ਉਸ ਜ਼ਮਾਨੇ ਵਿਚ ਕੋਈ ਸੌਖਾ ਕੰਮ ਨਹੀਂ ਸੀ, ਪ੍ਰੰਤੂ ਫਿਰ ਵੀ ਪੀਣ ਵਾਲੇ ਪਾਣੀ ਦੀ ਲੋੜ ਨੂੰ ਮੁੱਖ ਰੱਖਦਿਆਂ ਅਤੇ ਪਿੰਡਾਂ ਦੀ ਆਨ-ਸ਼ਾਨ ਨੂੰ ਬਹਾਲ ਰੱਖਣ ਲਈ ਇਸ ਔਖੇ ਕੰਮ ਨੂੰ ਪੂਰੇ ਪਿੰਡ ਦੇ ਸਹਿਯੋਗ ਨਾਲ ਨੇਪਰੇ ਚਾੜ੍ਹਿਆ ਜਾਂਦਾ ਸੀ। ਪੁਰਾਣੇ ਬਜ਼ੁਰਗਾਂ ਦੇ ਦੱਸਣ ਅਨੁਸਾਰ ਜਿਸ ਵਿਚ ਖੂਹ ਲੱਗਣ ਦਾ ਕੰਮ ਮੁਕੰਮਲ ਹੋ ਜਾਂਦਾ ਸੀ, ਉਸ ਦਿਨ ਪਿੰਡ ਵਿਚ ਵਿਆਹ ਵਰਗਾ ਮਹੌਲ ਹੁੰਦਾ ਸੀ ਅਤੇ ਪਿੰਡ ਵਲੋਂ ਖੂਹ ਲਾਉਣ ਵਾਲੇ ਮਿਸਤਰੀ ਦਾ ਜੋ ਮਾਣ-ਸਨਮਾਨ ਹੁੰਦਾ ਸੀ, ਉਸ ਦੀ ਤੁਲਨਾ ਸ਼ਾਇਦ ਅੱਜ ਦੇ ਜ਼ਮਾਨੇ ਦੇ ਕਿਸੇ ਵੱਡੇ ਪੁਰਸਕਾਰ ਨਾਲ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਖੂਹ ਲੱਗਣ ਤੋਂ ਬਾਅਦ ਜੋ ਵਿਅਕਤੀ ਪਾਣੀ ਖਿੱਚ ਕੇ ਲੋਕਾਂ ਤੱਕ ਪਹੁੰਚਾਉਣ ਦਾ ਕੰਮ ਕਰਦਾ ਸੀ, ਉਸ ਨੂੰ ਵੀ ਲੋਕ ਰੱਜਵਾਂ ਆਦਰ-ਸਤਿਕਾਰ ਦਿੰਦੇ ਸਨ। ਇਨ੍ਹਾਂ ਖੂਹਾਂ ਉੱਪਰ ਸਵੇਰ-ਸ਼ਾਮ ਪਾਣੀ ਭਰਨ ਵਾਲੀਆਂ ਔਰਤਾਂ ਅਤੇ ਮੁਟਿਆਰਾਂ ਦੀ ਰੌਣਕ ਦਾ ਨਜ਼ਾਰਾ ਵੀ ਦੇਖਿਆਂ ਹੀ ਬਣਦਾ ਸੀ।

ਕਾਫੀ ਲੰਮਾ ਸਮਾਂ ਪੀਣ ਵਾਲੇ ਪਾਣੀ ਦੀ ਵਰਤੋਂ ਇਨ੍ਹਾਂ ਖੂਹ-ਖੂਹੀਆਂ ਤੋਂ ਹੁੰਦੀ ਰਹੀ ਅਤੇ ਸਮਾਂ ਆਪਣੀ ਚਾਲ ਚਲਦਾ ਗਿਆ ਤੇ ਫਿਰ ਇਨ੍ਹਾਂ ਦੀ ਥਾਂ ਨਲਕਿਆਂ ਨੇ ਲਈ। ਜੋ ਸਾਧਨ ਸੌਖਾ ਤੇ ਸਸਤਾ ਹੋਣ ਕਰਕੇ ਇਹ ਘਰ-ਘਰ ਲੱਗਣੇ ਸ਼ੁਰੂ ਹੋ ਗਏ ਅਤੇ ਸਮਾਂ ਪਾ ਕੇ ਕੁਝ ਅਮੀਰ ਘਰਾਂ ਨੇ ਇਸ ਨੂੰ ਹੱਥੀਂ ਗੇੜਨ ਦੀ ਬਜਾਏ ਇਨ੍ਹਾਂ ਉੱਪਰ ਬਿਜਲਈ ਮੋਟਰਾਂ ਲਵਾ ਦਿੱਤੀਆਂ ਜੋ ਸਾਡੇ ਲੋਕ ਗੀਤਾਂ ਦਾ ਹਿੱਸਾ ਵੀ ਬਣੇ ਜਿਵੇਂ 'ਵੇ ਹੁਣ ਮੇਰੇ ਬਾਪੂ ਨੇ ਘਰੇ ਨਲਕੇ ਤੇ ਮੋਟਰ ਲਾ'ਤੀ' ਇਸ ਤਰ੍ਹਾਂ ਵਿਗਿਆਨ ਦੇ ਸਾਧਨ ਨੇ ਬਹੁਤ ਲੰਮਾ ਸਮਾਂ ਪੀਣ ਵਾਲੇ ਪਾਣੀ ਦੀ ਸੇਵਾ ਨਿਭਾਈ। ਫਿਰ ਇਨ੍ਹਾਂ ਦੀ ਥਾਂ ਟੂੱਲੂ ਪੰਪਾਂ ਨੇ ਲੈ ਲਈ ਅਤੇ ਮਨੁੱਖ ਨੇ ਆਪਣੀ ਜਾਨ ਨੂੰ ਬਿਨਾਂ ਕੋਈ ਦੁੱਖ ਦਿੱਤਿਆਂ ਧਰਤੀ ਹੇਠਲੇ ਪਾਣੀ ਦੀ ਵਰਤੋਂ ਸ਼ੁਰੂ ਕਰ ਦਿੱਤੀ। ਇਸ ਨਾਲ ਪਾਣੀ ਵਰਤੋਂ ਘੱਟ ਤੇ ਦੁਰਵਰਤੋਂ ਜ਼ਿਆਦਾ ਹੋਣ ਲੱਗੀ ਨਤੀਜੇ ਵਜੋਂ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਡਿੱਗਣਾ ਸ਼ੁਰੂ ਹੋ ਗਿਆ ਅਤੇ ਜੋ ਬਾਦਸਤੂਰ ਜਾਰੀ ਹੈ ਤੇ ਫਿਰ ਮਜ਼ਬੂਰੀਵੱਸ ਇਨ੍ਹਾਂ ਦੀ ਥਾਂ ਸਬਮਰਸੀਬਲ ਪੰਪ ਜਿੱਥੇ ਉੱਚੀ ਤੋਂ ਉੱਚੀ ਥਾਂ ਪਾਣੀ ਪਹੁੰਚਾਉਣ ਦੀ ਸਮਰੱਥਾ ਰੱਖਦੇ ਹਨ, ਉੱਥੇ ਇਨ੍ਹਾਂ ਦੇ ਆਉਣ ਨਾਲ ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਕਈ ਗੁਣਾ ਜ਼ਿਆਦਾ ਵਧ ਗਈ। ਜਿਸ ਕਰਕੇ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਡਿਗਦਾ ਜਾ ਰਿਹਾ ਹੈ। ਜੋ ਸਾਡੇ ਸਾਰਿਆਂ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ। ਭਾਵੇਂ ਸਾਡੀ ਇਹ ਦਲੀਲ ਤਾਂ ਬਿਲਕੁਲ ਦਰੁਸਤ ਹੋਵੇਗੀ ਲਾਭ ਲਏ ਜਾਣਾ ਜ਼ਰੂਰੀ ਹੈ ਅਤੇ ਮਨੁੱਖ ਦਾ ਸਮੇਂ ਦੇ ਨਾਲ ਚੱਲਣਾ ਵੀ ਕੋਈ ਘੱਟ ਮਹੱਤਵ ਨਹੀਂ ਰੱਖਦਾ। ਸਾਨੂੰ ਇਹ ਵੀ ਪਤਾ ਹੈ ਕਿ ਅਸੀਂ ਵਿਗਿਆਨਕ ਯੁੱਗ 'ਚ ਵਿਚਰ ਰਹੇ ਹਾਂ। ਕੰਪਿਊਟਰ, ਮੋਬਾਈਲ ਅਤੇ ਨੈੱਟ ਵਰਗੀਆਂ ਸਹੂਲਤਾਂ ਨਾਲ ਛੜੱਪੇ ਮਾਰ ਕੇ ਅੱਗੇ ਵਧ ਰਹੇ ਹਾਂ।

ਪ੍ਰੰਤੂ ਸਾਨੂੰ ਇਸ ਗੱਲ ਨੂੰ ਵੀ ਨਹੀਂ ਭੁੱਲਣਾ ਚਾਹੀਦਾ ਕਿ ਪਾਣੀ ਸਾਡੇ ਜੀਵਨ ਦੀ ਬਹੁਤ ਜ਼ਰੂਰੀ ਵਸਤੂ ਹੈ ਅਤੇ ਇਸ ਸੰਬੰਧੀ ਅਸੀਂ 'ਜਲ ਹੈ ਤਾਂ ਕੱਲ੍ਹ ਹੈ', 'ਜਲ ਹੀ ਜੀਵਨ ਹੈ', ਕੁੱਖ 'ਚ ਧੀ, ਧਰਤੀ 'ਚ ਪਾਣੀ ਜੇ ਨਾ ਸਾਂਭੇ ਤਾਂ ਖਤਮ ਕਹਾਣੀ', ਆਦਿ ਵਰਗੇ ਨਾਅਰੇ ਲਾਉਂਦੇ, ਪੜ੍ਹਦੇ ਅਤੇ ਸੁਣਦੇ ਹਾਂ। ਪ੍ਰੰਤੂ ਫਿਰ ਵੀ ਅਸੀਂ ਪਾਣੀ ਨੂੰ ਸਾਂਭਣ ਲਈ ਸੁਚੇਤ ਨਹੀਂ ਹੋ ਰਹੇ। ਜੇਕਰ ਭੂ-ਵਿਗਿਆਨੀਆਂ ਦੀ ਗੱਲ ਮੰਨ ਲਈ ਜਾਵੇ ਕਿ ਸਾਡੇ ਕੋਲ ਹੁਣ ਸਿਰਫ ਪਾਣੀ ਹੀ ਰਾਖਵਾਂ ਕੋਟਾ ਹੀ ਬਚਿਆ ਹੈ, ਜਿਸ ਕਰਕੇ ਸਾਨੂੰ ਸਬਮਰਸੀਬਲ ਪੰਪਾਂ ਦੀ ਲੋੜ ਪਈ। ਇਸ ਕਰਕੇ ਸਾਨੂੰ ਇਹ ਸੋਚਣਾ ਚਾਹੀਦਾ ਹੈ ਕਿ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਧਨ ਦੌਲਤ ਅਤੇ ਹੋਰ ਦੁਨਿਆਵੀ ਪਦਾਰਥ ਜੋੜ ਕੇ ਰੱਖਣ ਦੀ ਬਜਾਏ ਕੁਦਰਤੀ ਸੋਮਿਆਂ ਨੂੰ ਸਾਂਭਣ ਦਾ ਯਤਨ ਕਰੀਏ ਤਾਂ ਕਿ ਸਾਨੂੰ ਇਹ ਨਾ ਸੁਣਨਾ ਪਵੇ ਕਿ ਸਾਡੇ ਪੁਰਖ ਕਿੰਨੇ ਸੁਆਰਥੀ ਅਤੇ ਬੇਵਕੂਫ ਸਨ ਜੋ ਜੀਵਨ ਦੀ ਸਭ ਤੋਂ ਕੀਮਤੀ ਦਾਤ ਨੂੰ ਅਜਾਈਂ ਗਵਾ ਕੇ ਸਾਡੇ ਲਈ ਇਹ ਬੰਜਰ ਧਰਤੀ ਛੱਡ ਕੇ ਚਲੇ ਗਏ। ਜੇਕਰ ਧਰਤੀ ਹੇਠਲਾ ਪਾਣੀ ਖਤਮ ਹੋ ਗਿਆ ਤਾਂ ਸਾਡਾ ਸਾਰਾ ਵਿਕਾਸ ਮੂਧੇ ਮੂੰਹ ਡਿੱਗ ਪਵੇਗਾ ਤੇ ਪਾਣੀ ਤੋਂ ਬਿਨਾਂ ਸਾਨੂੰ ਇਸ ਇੱਕੀਵੀਂ ਸਦੀ ਤੋਂ ਪੱਥਰ ਯੁੱਗ ਵੱਲ ਨੂੰ ਜਾਣਾ ਪੈ ਸਕਦਾ ਹੈ ਤੇ ਇੱਥੇ ਜਾਣਾ ਵੀ ਖਤਰੇ ਤੋਂ ਖਾਲੀ ਨਹੀਂ ਹੋਵੇਗਾ, ਕਿਉਂਕਿ ਜਦੋਂ ਮਨੁੱਖ ਦਰਿਆਵਾਂ, ਨਦੀਆਂ, ਝਰਨਿਆਂ ਜਾਂ ਛੱਪੜਾਂ ਦੇ ਪਾਣੀ ਨਾਲ ਗੁਜ਼ਾਰਾ ਕਰਦਾ ਸੀ, ਉਸ ਸਮੇਂ ਵਸੋਂ ਬਹੁਤ ਥੋੜ੍ਹੀ ਤੇ ਲੋਕਾਂ ਵਿਚ ਪਿਆਰ ਤੇ ਸਹਿਣਸ਼ੀਲਤਾ ਬਹੁਤ ਸੀ। ਪ੍ਰੰਤੂ ਅੱਜ ਦਾ ਮਨੁੱਖ ਉਹ ਮਨੁੱਖ ਨਹੀਂ ਰਿਹਾ, ਕਿਉਂਕਿ ਪਾਣੀ ਦੇ ਸੋਮਿਆਂ ਉੱਪਰ ਵੀ ਅੱਜ ਹੌਲੀ-ਹੌਲੀ ਬਹੁ-ਕੌਮੀ ਕੰਪਨੀਆਂ ਆਪਣਾ ਕਬਜ਼ਾ ਜਮਾ ਰਹੀਆਂ ਹਨ ਜਿਸ ਤੋਂ ਜਾਪਦਾ ਹੈ ਕਿ ਇਕ-ਨਾ-ਇਕ ਦਿਨ ਮਨੁੱਖ ਨੂੰ ਹੋਰ ਸਭ ਲੋੜਾਂ ਨੂੰ ਛੱਡ ਕੇ ਪਾਣੀ ਦੀ ਪ੍ਰਾਪਤੀ ਲਈ ਜੱਦੋ-ਜਹਿਦ ਕਰਨੀ ਪੈ ਸਕਦੀ ਹੈ। ਅਖੀਰ 'ਤੇ ਅਸੀਂ ਇਹੀ ਕਹਿਣਾ ਚਾਹੁੰਦੇ ਹਨ ਕਿ ਅਜੇ ਵੀ ਸਾਡੇ ਕੋਲ ਕੁਝ ਸਮਾਂ ਹੈ ਕਿ ਅਸੀਂ ਇਸ ਬੇਸ਼ੁਮਾਰ ਕੀਮਤੀ ਖਜ਼ਾਨੇ ਨੂੰ ਸਾਂਭਣ ਤੇ ਯਤਨਾਂ ਵਿਚ ਜੁਟ ਜਾਈਏ ਅਤੇ ਇਸ ਰੰਗਲੀ ਦੁਨੀਆਂ ਨੂੰ ਕੁਦਰਤੀ ਰੰਗਾਂ ਤੋਂ ਵਾਂਝੀ ਨਾ ਹੋਣ ਦੇਈਏ।

ਰਵਾਇਤੀ ਖੇਤੀ ਛੱਡ ਲਾਇਆ ਬਾਗ, ਕਿਸਾਨ ਹੋਇਆ ਬਾਗੋ-ਬਾਗ

ਪੰਜਾਬ ਦੇ ਨੌਜਵਾਨ ਜਿੱਥੇ ਵਿਦੇਸ਼ ਜਾਣ ਨੂੰ ਕਾਹਲੇ ਰਹਿੰਦੇ ਹਨ ਉੱਥੇ ਹੀ ਜੋਗੀਪੁਰ ਦੇ ਗੁਰਵੀਰ ਸਿੰਘ ਨੇ ਰਵਾਇਤੀ ਖੇਤੀ ਛੱਡ ਕੇ ਆਰਗੈਨਿਕ ਬਾਗਬਾਨੀ ਨੂੰ ਅਪਣਾ ਕੇ ਵੱਡੀ ਮਿਸਾਲ ਕਾਇਮ ਕੀਤੀ ਹੈ। ਨੌਜਵਾਨ ਕਿਸਾਨ ਗੁਰਵੀਰ ਬਾਗਬਾਨੀ ਦੇ ਨਾਲ ਇੱਕੋ ਖੇਤ 'ਚ ਇੱਕੋ ਸਮੇਂ ਜਿੱਥੇ ਤਿੰਨ-ਤਿੰਨ ਫਸਲਾਂ ਦੀ ਕਾਸ਼ਤ ਕਰ ਕੇ ਮੁਨਾਫਾ ਕਮਾ ਰਿਹਾ ਹੈ, ਉੱਥੇ ਹੀ ਇਸ ਦੀ ਸਿੰਚਾਈ ਲਈ ਤੁਪਕਾ ਪ੍ਰਣਾਲੀ ਅਪਣਾ ਕੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ 'ਚ ਵੀ ਅਹਿਮ ਯੋਗਦਾਨ ਪਾ ਰਿਹਾ ਹੈ।

ਉਸ ਨੇ ਦੱਸਿਆ ਕਿ ਉਸ ਦੇ ਪਿਤਾ ਸਤਨਾਮ ਸਿੰਘ ਰਵਾਇਤੀ ਖੇਤੀ ਕਰਦੇ ਆ ਰਹੇ ਹਨ। ਗ੍ਰੈਜੂਏਸ਼ਨ ਕਰਨ ਤੋਂ ਬਾਅਦ ਹੋਰਾਂ ਵਾਂਗ ਵਿਦੇਸ਼ ਗਏ ਦੋਸਤਾਂ ਦਾ ਹਾਲ ਸੁਣਿਆ ਤਾਂ ਉਸ ਨੇ ਆਪਣੇ ਪਿੰਡ ਰਹਿ ਕੇ ਖੇਤੀ ਕਰਨ ਦਾ ਫੈਸਲਾ ਕੀਤਾ। ਖੇਤੀ 'ਚ ਵੀ ਖਰਚਾ ਜ਼ਿਆਦਾ ਆਮਦਨ ਘੱਟ ਹੁੰਦੀ ਦੇਖ ਆਪਣੀ ਛੇ ਕਿੱਲੇ ਪੈਲੀ ਵੀ ਠੇਕੇ 'ਤੇ ਦਿੱਤੀ ਅਤੇ ਖੁਦ ਨੌਕਰੀ ਦੀ ਭਾਲ ਕਰਨ ਲੱਗਾ। ਕੋਈ ਵਧੀਆ ਨੌਕਰੀ ਵੀ ਨਾ ਮਿਲੀ ਤਾਂ ਇੰਟਰਨੈੱਟ ਮੀਡੀਆ 'ਤੇ ਖੇਤੀ ਦੇ ਵੱਖਰੇ ਢੰਗਾਂ ਬਾਰੇ ਜਾਣਕਾਰੀ ਇਕੱਤਰ ਕੀਤੀ। ਇਸ ਦੌਰਾਨ ਹੀ ਪਿਤਾ ਸਤਨਾਮ ਸਿੰਘ ਤੇ ਭਰਾ ਗੁਰਜਿੰਦਰ ਸਿੰਘ ਨਾਲ ਮਸ਼ਵਰਾ ਕਰ ਕੇ ਉਸ ਨੇ ਰਵਾਇਤੀ ਕਾਸ਼ਤਕਾਰੀ ਛੱਡ ਕੇ ਬਾਗਬਾਨੀ ਕਰਨ ਦਾ ਫੈਸਲਾ ਕੀਤਾ।

ਗੁਰਵੀਰ ਸਿੰਘ ਦੱਸਦੇ ਹਨ ਕਿ ਬੋਸਰ ਕਲਾਂ ਵਿਖੇ ਸਥਿਤ ਕਰੀਬ ਤਿੰਨ ਏਕੜ ਜ਼ਮੀਨ ਵਿਚ ਵੱਖਰੇ ਢੰਗ ਨਾਲ ਅਮਰੂਦ ਦਾ ਬਾਗ ਲਾਉਣ ਦੀ ਸ਼ੁਰੂਆਤ ਕੀਤੀ। ਖੇਤ 'ਚ ਮਿੱਟੀ ਨਾਲ ਬੈੱਡ (ਚੌੜੀਆਂ ਵੱਟਾਂ) ਬਣਾ ਕੇ ਅਮਰੂਦ ਦੇ ਬੂਟੇ ਲਾਏ। ਕਬੀਬ ਢਾਈ ਏਕੜ ਦੇ ਰਕਬੇ ਵਿਚ ਅਮਰੂਦ ਦੇ 850 ਬੂਟੇ ਲਾਏ। ਬਾਗ 'ਤੇ ਕਰੀਬ ਡੇਢ ਲੱਖ ਦਾ ਖਰਚਾ ਆਇਆ। ਪਹਿਲੇ ਫਲ ਤੋਂ ਅੱਧੇ ਤੋਂ ਵੱਧ ਦੀ ਕਮਾਈ ਕੀਤੀ ਦਿਲਚਸਪ ਹੈ ਕਿ ਖੜ੍ਹੇ ਬਾਗ ਦਾ ਠੇਕਾ ਲੈਣ ਲਈ ਠੇਕੇਦਾਰਾਂ ਦੀ ਲੰਮੀ ਕਤਾਰ ਲੱਗ ਚੁੱਕੀ ਹੈ ਪਰ ਗੁਰਵੀਰ ਸਿੰਘ ਇਹ ਸਾਰਾ ਕੰਮ ਆਪਣੇ ਹੱਥੀਂ ਕਰਨ ਨੂੰ ਤਰਜੀਹ ਦਿੰਦਾ ਹੈ। ਉਹ ਦੱਸਦਾ ਹੈ ਕਿ ਬਾਗ ਦਾ ਫਲ ਵੇਚਣ ਲਈ ਕਿਤੇ ਜਾਣ ਨਹੀਂ ਪੈਂਦਾ ਸਗੋਂ ਫਲ ਤੋੜਨ ਤੋਂ ਪਹਿਲਾਂ ਹੀ ਮੰਡੀ ਵਿਚੋਂ ਆਰਡਰ ਬੁੱਕ ਹੋ ਜਾਂਦਾ ਹੈ।

ਅਮਰੂਦ ਦੇ ਬਾਗ 'ਚ ਸਬਜ਼ੀਆਂ ਦੀ ਕਾਸ਼ਤ

ਗੁਰਵੀਰ ਸਿੰਘ ਅਮਰੂਦ ਦੇ ਬਾਗ ਵਿਚ ਹੀ ਸਬਜ਼ੀਆਂ ਦੀ ਕਾਸ਼ਤ ਵੀ ਕਰ ਰਿਹਾ ਹੈ। ਡੇਢ ਸਾਲ 'ਚ ਬਾਗ 'ਤੇ ਹੋਇਆ ਖਰਚਾ ਬਾਗ ਦੇ ਪਹਿਲੇ ਫਲ ਤੋਂ ਪੂਰਾ ਕਰ ਲਿਆ ਜਿਸ ਦੇ ਨਾਲ ਹੀ ਬਾਗ 'ਚ ਖਾਲੀ ਥਾਂ 'ਤੇ ਸਬਜ਼ੀਆਂ ਦੀ ਕਾਸ਼ਤ ਕਰ ਕੇ ਵਾਧੂ ਮੁਨਾਫਾ ਵੀ ਕਮਾਇਆ ਹੈ। ਅਮਰੂਦ ਦੇ ਨਾਲ ਤਿੰਨ ਵਾਰ ਸਾਗ ਬੀਜ ਕੇ ਵੇਚਿਆ, ਫਿਰ ਪੇਠਾ ਲਾ ਕੇ ਵੇਚਿਆ। ਹੁਣ ਧਨੀਆ, ਪਿਆਜ਼ ਅਤੇ ਖੀਰਾ ਵੀ ਲਾਇਆ ਹੈ। ਇਕੱਲੇ ਅਮਰੂਦ 'ਤੇ ਨਿਰਭਰ ਨਾ ਰਹਿ ਕੇ ਲਗਾਤਾਰ ਕੁਝ ਨਾ ਕੁਝ ਕਾਸ਼ਤ ਕੀਤਾ ਜਾ ਰਿਹਾ ਹੈ ਜਿਸ ਨਾਲ ਕਮਾਈ ਵੀ ਵੱਧ ਰਹੀ ਹੈ। ਇੱਥੇ ਹੀ ਬੱਸ ਨਹੀਂ ਬਾਗ ਦੀ ਚਾਰ ਦੀਵਾਰੀ ਗੁਲਾਬ ਦੇ ਬੂਟਿਆਂ ਨਾਲ ਕੀਤੀ ਗਈ ਹੈ।

ਦਵਾਈ ਹੱਥੀਂ ਕੀਤੀ ਤਿਆਰ

ਗੁਰਵੀਰ ਸਿੰਘ ਦੱਸਦਾ ਹੈ ਕਿ ਬਾਗ ਨੂੰ ਬਿਮਾਰੀਆਂ ਤੇ ਕੀੜਿਆਂ ਤੋਂ ਬਚਾਉਣ ਲਈ ਦਵਾਈਆਂ ਤੇ ਰਸਾਇਣਕ ਖਾਦਾਂ ਦੀ ਬਜਾਏ ਹੱਥੀਂ ਤਿਆਰ ਕੀਤੀ ਖਾਦ ਤੇ ਦਵਾਈ ਦਾ ਛਿੜਕਾਅ ਕੀਤਾ ਜਾਂਦਾ ਹੈ। ਅਮਰੂਦ ਦੇ ਬੂਟਿਆਂ 'ਤੇ ਜੀਵਾ ਅੰਮ੍ਰਿਤ ਦਾ ਛਿੜਕਾਅ ਕੀਤਾ ਜਾਂਦਾ ਹੈ। ਇਹ ਛਿੜਕਾਅ ਉਸ ਦੇ ਪਿਤਾ ਸਤਨਾਮ ਸਿੰਘ ਵੱਲੋਂ ਤਿਆਰ ਕੀਤੀ ਜਾਂਦੀ ਹੈ ਜਿਸ ਵਿਚ ਵੇਸਣ, ਗੁੜ, ਸਰ੍ਹੋਂ ਦੀ ਖਲ੍ਹ, ਚੋਲਾਂ ਦੀ ਕਣੀ, ਗਊ ਮੂਤਰ, ਗੋਬਰ, ਬਰੋਟੇ ਦੀ ਮਿੱਟੀ ਪਾਈ ਜਾਂਦੀ ਹੈ। ਇਹ ਛਿੜਕਾਅ ਬੂਟੇ ਨੂੰ ਹਰ ਤਰ੍ਹਾਂ ਦੀ ਬਿਮਾਰੀ ਤੋਂ ਬਚਾਅ ਕੇ ਰੱਖਦਾ ਹੈ।

ਤੁਪਕਾ ਪ੍ਰਣਾਲੀ ਦੀ ਵਰਤੋਂ

ਗੁਰਵੀਰ ਸਿੰਘ ਦੀ ਸਿੰਚਾਈ ਤੁਪਕਾ ਪ੍ਰਣਾਲੀ ਨਾਲ ਹੀ ਕਰ ਰਿਹਾ ਹੈ। ਉਹ ਦੱਸਦਾ ਹੈ ਕਿ ਇਸ ਇਲਾਕੇ ਵਿਚ ਪਾਣੀ ਦਾ ਪੱਧਰ 120 ਤੋਂ 140 ਫੁੱਟ ਤੱਕ ਡੂੰਘਾ ਹੋ ਚੁੱਕਿਆ ਹੈ। ਇਸ ਲਈ ਉਸ ਨੇ ਵੱਡੀ ਮੋਟਰ ਨਾਲ ਪਾਣੀ ਬਰਬਾਦ ਕਰਨ ਦੀ ਬਜਾਏ ਤੁਪਕਾ ਪ੍ਰਣਾਲੀ ਨਾਲ ਸਿੰਚਾਈ ਕਰਨ ਦਾ ਫੈਸਲਾ ਕੀਤਾ ਹੈ। ਢਾਈ ਏਕੜ ਰਕਬੇ ਨੂੰ ਪਾਣੀ ਲਾਉਣ ਲਈ ਸਿਰਫ 15 ਮਿੰਟ ਮੋਟਰ ਚਲਦੀ ਹੈ। ਇਕ ਪੌਦੇ ਨੂੰ ਸਿਰਫ ਚਾਰ ਲੀਟਰ ਪਾਣੀ ਦੀ ਲੋੜ ਹੁੰਦੀ ਹੈ ਇਸ ਲਈ ਵਾਧੂ ਪਾਣੀ ਖਰਾਬ ਨਾ ਕਰ ਕੇ ਪੌਦੇ ਨੂੰ ਲੋੜੀਂਦਾ ਪਾਣੀ ਦਿੱਤਾ ਜਾਂਦਾ ਹੈ ਤੇ ਪੌਦਾ ਤੰਦਰੁਸਤ ਵੀ ਰਹਿੰਦਾ ਹੈ ਅਤੇ ਪਾਣੀ ਦੀ ਬੱਚਤ ਹੁੰਦੀ ਹੈ।

ਖੇਤੀ ਅਤੇ ਖੇਤੀ ਸਹਾਇਕ ਧੰਦਿਆਂ ਦੀ ਆਧੁਨਿਕ ਜਾਣਕਾਰੀ ਨਾਲ ਭਰਪੂਰ



ਵਿਸ਼ੇਸ਼ ਆਫਰ

ਖੇਤੀ ਦੁਨੀਆਂ

ਵਟਸਐਪ ਰਾਹੀਂ ਪ੍ਰਾਪਤ ਕਰਨ ਲਈ

ਸਾਲਾਨਾ ਚੰਦਾ

ਸਿਰਫ 100/-* ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਖੇਤੀ ਦੁਨੀਆਂ

ਵੱਲੋਂ

ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ

ਚੰਦਿਆਂ 'ਤੇ ਵਿਸ਼ੇਸ਼ ਛੂਟ

ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ

ਇੱਕ ਸਾਲ ਲਈ 300/- ਰੁਪਏ

ਦੋ ਸਾਲ ਲਈ 500/- ਰੁਪਏ

ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਖੇਤੀ ਦੁਨੀਆਂ

KHETI DUNIYAN
An Exclusive Agril. Weekly

ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001

ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575

Website : www.khetiduniyan.in
E-mail : kdpublications@yahoo.co.in

ਗੁਣਕਾਰੀ ਕਾਲੀ ਤੁਲਸੀ

ਇਸ਼ਟ ਪਾਲ ਵਿੱਕੀ,
ਯੋਗ ਮਾਹਿਰ, ਉਪ ਵੈਦ,
ਮੋ : 9872565003

ਤੁਲਸੀ, ਇਸ ਪੌਦੇ ਬਾਰੇ ਅਸੀਂ ਸਭ ਆਮ ਹੀ ਜਾਣਦੇ ਹਾਂ। ਹਰੇਕ ਘਰ ਵਿਚ ਆਮ ਵੀ ਵੇਖਣ ਨੂੰ ਮਿਲਦੀ ਹੈ। ਕਈ ਲੋਕ ਇਸ ਨੂੰ ਆਪਣੇ ਭਗਵਾਨ ਵਾਂਗ ਪੂਜਦੇ ਹਨ। ਹਰ ਰੋਜ਼ ਭਗਵਾਨ ਵਾਂਗ ਇਸ ਅੱਗੇ ਪ੍ਰਾਥਨਾ ਕਰਨੀ, ਸਵੇਰੇ-ਸਵੇਰੇ ਉਠ ਕੇ ਹਰ ਰੋਜ਼ ਇਸ ਪੌਦੇ ਨੂੰ ਪਾਣੀ ਦੇਣਾ। ਪਰ ਉਹਨਾਂ ਨੂੰ ਸ਼ਾਇਦ ਇਸ ਪੌਦੇ ਦੇ ਗੁਣਾ ਬਾਰੇ ਨਹੀਂ ਪਤਾ। ਉਹਨਾਂ ਨੂੰ ਇਹ ਤਾਂ ਪਤਾ ਹੋਣਾ ਚਾਹੀਦਾ ਹੈ ਕਿ ਜੇ ਅਸੀਂ ਇਸ ਪੌਦੇ ਦੀ ਪੂਜਾ ਕਰਦੇ ਹਾਂ ਤਾਂ ਇਸ ਦਾ ਕੋਈ ਗੁਣ ਵੀ ਤਾਂ ਹੋਵੇਗਾ। ਇਸ ਪੌਦੇ ਦੇ ਅਨੇਕਾਂ ਹੀ ਗੁਣ ਹਨ, ਅਜਿਹੇ ਗੁਣ ਸ਼ਾਇਦ ਹੀ ਕਿਸੇ ਪੌਦੇ ਵਿਚ ਵੇਖਣ ਨੂੰ ਮਿਲਣ। ਤੁਲਸੀ ਆਮ ਕਰਕੇ ਹਰੇ ਰੰਗ ਦੀ ਹੁੰਦੀ ਹੈ ਜਿਸਨੂੰ ਰਾਮ ਤੁਲਸੀ ਕਿਹਾ ਜਾਂਦਾ ਹੈ, ਲੋਕ ਵੀ ਇਸਨੂੰ ਹਰੇ ਪੌਦੇ ਵਾਂਗ ਵੇਖਦੇ ਹਨ, ਪਰ ਕਾਲੀ ਤੁਲਸੀ ਬਾਰੇ ਸ਼ਾਇਦ ਹੀ ਕੋਈ ਜਾਣਦਾ ਹੋਵੇ, ਕਾਲੀ ਤੁਲਸੀ ਨੂੰ ਸ਼ਾਮ ਤੁਲਸੀ ਕਿਹਾ ਜਾਂਦਾ ਹੈ। ਇਹ ਕਾਲੀ ਤੁਲਸੀ ਹਰੀ ਤੁਲਸੀ ਨਾਲੋਂ ਗੁਣਾਂ ਵਿਚ ਕਿਤੇ ਜ਼ਿਆਦਾ ਲਾਭਦਾਇਕ ਹੈ। ਇਹ ਪੌਦਾ ਜਾਮਨੀ ਰੰਗ ਦਾ ਹੁੰਦਾ ਹੈ, ਗਰਮੀ ਵਿਚ ਪੱਤੇ ਇਸਦੇ ਹਰੇ ਹੀ ਹੁੰਦੇ ਹਨ, ਪਰ ਸਰਦੀ ਵਿਚ ਇਹੀ ਪੱਤੇ ਜਾਮਨੀ ਰੰਗ ਦੇ ਹੋ ਜਾਂਦੇ ਹਨ। ਨਾਲ ਹੀ ਕਾਲੀ ਤੁਲਸੀ ਸਵਾਦ 'ਚ ਥੋੜ੍ਹੀ ਕੌੜੀ ਹੁੰਦੀ ਹੈ। ਹਰੀ ਤੁਲਸੀ ਨਾਲੋਂ ਇਸਦੀ ਖੁਸ਼ਬੂ ਵੀ ਬਹੁਤ ਜ਼ਿਆਦਾ ਹੁੰਦੀ ਹੈ, ਇਸਦੇ ਪੱਤੇ ਸੁੰਘਣ ਨਾਲ ਹੀ ਕਈ ਰੋਗ ਠੀਕ ਹੋ ਜਾਂਦੇ ਹਨ। ਦਵਾਈਆਂ ਆਦਿ ਦੇ ਤੌਰ 'ਤੇ ਇਹੀ ਤੁਲਸੀ ਵਰਤੀ ਜਾਂਦੀ ਹੈ। ਇਸ ਗੁਣਕਾਰੀ ਤੁਲਸੀ ਨੂੰ ਸਵੇਰ ਸਮੇਂ ਖਾਲੀ ਪੇਟ ਖਾਧਾ ਜਾ ਸਕਦਾ ਹੈ। ਪਹਿਲਾਂ ਪਹਿਲਾਂ ਇਕ ਹਫਤੇ ਤੱਕ 7-10 ਪੱਤੇ ਅਤੇ ਇਕ ਹਫਤੇ ਬਾਅਦ ਹੌਲੀ ਹੌਲੀ 10-15 ਪੱਤੇ ਕੁੰਡੇ ਜਾਂ ਮਿਕਸੀ 'ਚ ਪੀਸ ਕੇ 50 ਗ੍ਰਾਮ ਦਹੀਂ (ਜ਼ਿਆਦਾ ਖੱਟੀ ਨਾ ਹੋਵੇ) ਜਾਂ 2 ਚਮਚ ਸ਼ਹਿਦ ਵਿਚ ਪਾ ਕੇ ਸੇਵਨ ਕਰ ਲੈਣੇ ਚਾਹੀਦੇ ਹਨ। ਗਰਮੀਆਂ ਵਿਚ 7-10 ਪੱਤਿਆਂ ਦਾ ਸੇਵਨ ਕਰ ਸਕਦੇ ਹਾਂ ਅਤੇ ਸਰਦੀਆਂ ਵਿਚ 10-15 ਪੱਤਿਆਂ



ਦਾ ਸੇਵਨ ਕਰ ਸਕਦੇ ਹਾਂ। ਜ਼ਿਆਦਾ ਲਾਭ ਲੈਣ ਲਈ 45 ਮਿੰਟ ਤੱਕ ਕੁਝ ਨਾ ਖਾਓ। ਜਿਸ ਪਾਣੀ ਨੂੰ ਅਸੀਂ ਹਰ ਰੋਜ਼ ਪੀਦੇ ਹਾਂ ਉਸ ਪਾਣੀ ਵਿਚ ਹਰ ਰੋਜ਼ 4-5 ਪੱਤੇ ਪਾ ਸਕਦੇ ਹਾਂ। ਜਿਵੇਂ ਕਿਸੇ ਪਾਣੀ ਦੀ ਬੋਤਲ ਵਿਚ ਜਾਂ ਪਾਣੀ ਨਾਲ ਭਰੇ ਘੜੇ ਵਿਚ। ਇਸ ਨਾਲ ਪਾਣੀ ਸ਼ੁੱਧ ਹੋ ਜਾਂਦਾ ਹੈ। ਆਓ ਇਸ ਦੇ ਗੁਣਾਂ ਬਾਰੇ ਵਿਸਥਾਰ ਪੂਰਵਕ ਜਾਣੀਏ।

★ ਸਰੀਰ ਦੀ ਰੋਗਾਂ ਨਾਲ ਲੜਨ ਦੀ ਸ਼ਕਤੀ ਵੱਧਦੀ ਹੈ।

★ ਪਿਸ਼ਾਬ ਸੰਬੰਧੀ ਰੋਗ ਠੀਕ ਹੋ ਜਾਂਦੇ ਹਨ।

★ ਗਦੂਦਾਂ ਲਈ ਲਾਭਕਾਰੀ ਹੈ।

★ ਗੁਰਦੇ ਦੀ ਪੱਥਰੀ ਲਈ ਲਾਭਕਾਰੀ ਹੈ।

★ ਗਠੀਆ ਠੀਕ ਹੋ ਜਾਂਦਾ ਹੈ।

★ ਮਲੇਰੀਆ ਅਤੇ ਹੋਰ ਕਈ ਤਰ੍ਹਾਂ ਦੇ ਬੁਖਾਰ ਠੀਕ ਕਰਦੀ ਹੈ।

★ ਤਣਾਅ ਠੀਕ ਹੋ ਜਾਂਦਾ ਹੈ।

★ ਕਈ ਤਰ੍ਹਾਂ ਦੇ ਕੈਂਸਰ ਠੀਕ ਕਰਦੀ ਹੈ।

★ ਸਾਹ ਪ੍ਰਣਾਲੀ ਲਈ ਲਾਭਦਾਇਕ ਹੈ।

★ ਖੰਘ, ਠੰਡ ਅਤੇ ਖਰਾਬ ਗਲਾ ਠੀਕ ਹੋ ਜਾਂਦਾ ਹੈ।

★ ਜ਼ੁਕਾਮ ਅਤੇ ਨਜ਼ਲੇ ਲਈ ਲਾਭਕਾਰੀ ਹੈ।

★ ਦਮੇ ਲਈ ਵਧੀਆ ਹੈ।

★ ਦਿਲ ਦੇ ਰੋਗ ਠੀਕ ਕਰਦੀ ਹੈ।

★ ਕੋਲੈਸਟਰੋਲ ਸੰਤੁਲਨ ਵਿਚ ਰੱਖਦੀ ਹੈ।

★ ਬਲੱਡ ਪਰੈਸ਼ਰ ਠੀਕ ਕਰਦੀ ਹੈ।

★ ਸਿਰ ਦਰਦ ਵਿਚ ਲਾਭਕਾਰੀ ਹੈ।

★ ਸ਼ੂਗਰ ਰੋਗ ਲਈ ਲਾਭਕਾਰੀ ਹੈ।

★ ਕਬਜ਼ ਠੀਕ ਹੋ ਜਾਂਦੀ ਹੈ।

★ ਯਾਦ ਸ਼ਕਤੀ ਵੱਧਦੀ ਹੈ।

★ ਚਿਹਰੇ ਅਤੇ ਸਰੀਰ ਦੇ ਹੋਰ ਅੰਗਾਂ 'ਤੇ ਝੁਰੜੀਆਂ ਜਲਦੀ ਨਹੀਂ ਪੈਂਦੀਆਂ।

★ ਗੈਸ, ਤੇਜ਼ਾਬ ਅਤੇ ਐਸੇਡਿਟੀ ਲਈ ਵਧੀਆ ਹੈ।

ਸਿਹਤ ਲਈ ਵਰਦਾਨ ਸਾਬਤ ਹੋ ਰਹੇ ਨੇ ਆਰਗੈਨਿਕ ਫਲ

ਅੱਜ ਦੇ ਮਹਿੰਗਾਈ ਦੇ ਦੌਰ ਵਿਚ ਜਿੱਥੇ ਅਮੀਰ ਬਣਨ ਦੀ ਦੌੜ ਵਿੱਚ ਵਧੇਰੇ ਝਾੜ ਲੈਣ ਕਣਕ, ਚਾਵਲ, ਸਬਜ਼ੀਆਂ, ਫਰੂਟਾਂ ਆਦਿ ਖਾਣ ਪੀਣ ਵਾਲੀਆਂ ਚੀਜ਼ਾਂ ਤੇ ਅੰਨ੍ਹੇਵਾਹ ਆਰਸੈਨਿਕ ਖਾਦਾਂ ਅਤੇ ਦਵਾਈਆਂ ਦੀ ਵਰਤੋਂ ਕੀਤੀ ਜਾ ਰਹੀ ਹੈ, ਉੱਥੇ ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਦੇ ਇਤਿਹਾਸਕ ਕਸਬਾ ਕਲਾਨੌਰ ਵਿਚ ਪ੍ਰਫੁਲਤ ਹ ਰਹੇ ਰਾਣੀ ਬੀਬੀ ਦੌਦਾ ਆਰਗੈਨਿਕ ਫਾਰਮ ਵਿਚ ਲਾਏ ਵੱਖ-ਵੱਖ ਫਰੂਟਾਂ ਤੋਂ ਇਲਾਵਾ ਆਰਗੈਨਿਕ ਸੇਬ, ਆਲੂ ਬੁਖਾਰਾ ਅਤੇ ਸੱਤ ਪ੍ਰਕਾਰ ਦੇ ਅੰਬ ਆਉਣ ਵਾਲੇ ਦਿਨਾਂ ਵਿਚ ਮਨੁੱਖੀ ਸਿਹਤ ਨੂੰ ਨਰੋਏ ਰੱਖਣ ਵਿਚ ਵਰਦਾਨ ਸਾਬਤ ਹੋਣਗੇ। ਇੱਥੇ ਦੱਸਣਯੋਗ ਹੈ ਕਿ ਬੀਬੀ ਦੌਦਾ ਆਰਗੈਨਿਕ ਫਾਰਮ ਨੂੰ ਹੋਂਦ ਵਿਚ ਲਿਆਉਣ ਵਾਲੇ ਬਲਾਕ ਕਲਾਨੌਰ ਦੇ ਪਿੰਡ ਭੰਗਵਾਂ ਦੇ ਜੰਮਪਲ ਜਤਿੰਦਰ ਸਿੰਘ ਭੰਗੂ ਚੀਫ ਇੰਜੀਨੀਅਰ-ਕਮ-ਸਟੇਟ ਨੋਡਲ ਅਫਸਰ ਰੂਰਲ ਲਿੰਕ ਰੋਡਜ਼ ਅਤੇ ਅਗਾਂਹਵਧੂ ਕਿਸਾਨ, ਅਮਨਦੀਪ ਸਿੰਘ ਗੁਰਾਇਆ ਕਲਾਨੌਰ ਐੱਸ ਈ ਮੰਡੀਕਰਨ ਬੋਰਡ ਲੁਧਿਆਣਾ ਵੱਲੋਂ 10 ਏਕੜ ਜ਼ਮੀਨ ਵਿਚ ਬਣਾਏ ਗਏ ਆਰਗੈਨਿਕ ਫਾਰਮ ਵਿਚ ਇਸ ਵੇਲੇ ਆਲੂ ਬੁਖਾਰਾ, ਸੇਬ, ਅੰਬ, ਅਮਰਪਾਲੀ, ਚੌਂਸਾ, ਲੰਗੜਾ, ਦੁਸਹਿਰੀ, ਸੁਲਫ ਰੇਖਾ, ਇਦਾਂ ਸਮੇਤ ਸੱਤ ਪ੍ਰਕਾਰ ਦੇ ਅੰਬ, ਲੀਚੀ, ਅਮਰੂਦ, ਹਿਸਾਬ ਸਫੈਦਾ, ਐਲ-49, ਐਬਾ ਕੋਡਾ, ਅੰਜੀਰ, ਚੀਕੂ, ਅਖਰੋਟ, ਆੜੂ, ਜਾਮੁਨ, ਕੇਲਾ, ਜਾਪਾਨੀ ਫਲ ਤੇ ਬਾਗ ਦੇ ਆਲੇ-ਦੁਆਲੇ ਲਾਏ ਗਏ ਗੁਲਾਬ ਦੇ ਬੂਟੇ ਖਿੱਚ ਦੇ ਕੇਂਦਰ ਬਣੇ ਹੋਏ ਹਨ।



ਜਤਿੰਦਰ ਸਿੰਘ ਭੰਗੂ ਤੇ ਅਮਨਦੀਪ ਸਿੰਘ ਗੁਰਾਇਆ ਨੇ ਦੱਸਿਆ ਕਿ ਖਾਣ-ਪੀਣ ਵਾਲੇ ਅਨਾਜ 'ਤੇ ਕੀਤੀ ਜਾ ਰਹੀ ਆਰਸੈਨਿਕ ਖਾਦਾਂ ਤੇ ਦਵਾਈਆਂ ਦੀ ਵਰਤੋਂ ਅਤੇ ਗੁਰੂਆਂ ਪੀਰਾਂ ਦੀ ਪਵਿੱਤਰ ਧਰਤੀ ਤੇ ਦੂਸ਼ਿਤ ਪਾਣੀ ਤੇ ਵਾਤਾਵਰਣ ਕਾਰਨ ਕੈਂਸਰ ਵਰਗੀ ਬਿਮਾਰੀ ਪੈਰ ਪਸਾਰਦੀ ਜਾ ਰਹੀ ਹੈ ਅਤੇ ਮਨੁੱਖੀ ਜਾਨਾਂ ਮੌਤ ਦੇ ਮੂੰਹ ਜਾ ਰਹੀਆਂ ਹਨ ਜੋ ਵੱਡੀ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਮਨੁੱਖੀ ਸਿਹਤ ਨੂੰ ਨਰੋਏ ਰੱਖਣ ਦੀ ਮਨੋਰਥ ਨਾਲ ਰਾਣੀ ਬੀਬਾ ਦੌਦਾ ਆਰਗੈਨਿਕ ਫਾਰਮ ਵਿਚ ਵੱਖ-ਵੱਖ ਕਿਸਮਾਂ ਦੇ ਫਰੂਟ, ਦਾਲਾਂ, ਸਬਜ਼ੀਆਂ, ਸ਼ਹਿਦ, ਗੁਲਾਬ ਦਾ ਅਰਕ ਅਤੇ ਮਸਾਲਿਆਂ ਤੋਂ ਇਲਾਵਾ ਖਾਣ ਦੀ ਹਰੇਕ ਚੀਜ਼ ਨੂੰ ਆਰਗੈਨਿਕ ਖਾਦਾਂ ਨਾਲ ਤਿਆਰ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ।

ਆਧੁਨਿਕ ਤਕਨੀਕ ਦੀ ਕੀਤੀ ਜਾ ਰਹੀ ਹੈ ਵਰਤੋਂ

ਜਤਿੰਦਰ ਸਿੰਘ ਭੰਗੂ ਤੇ ਅਮਨਦੀਪ ਸਿੰਘ ਗੁਰਾਇਆ ਨੇ ਦੱਸਿਆ ਕਿ ਇਸ ਸਮੇਂ ਅੰਬ ਦੇ ਬੂਰ ਨੂੰ ਮੱਖੀ ਤੋਂ ਬਚਾਉਣ ਲਈ ਨੈੱਟ ਵਿਧੀ ਦਾ ਪ੍ਰਯੋਗ ਕੀਤਾ ਜਾ ਰਿਹਾ ਹੈ। ਇਸ ਆਰਗੈਨਿਕ ਬੀਬੀ ਦੌਦਾ ਫਾਰਮ ਨੂੰ ਪ੍ਰਫੁਲਤ ਕਰਨ ਲਈ ਸਖਤ ਮਿਹਨਤ ਕੀਤੀ ਜਾ ਰਹੀ ਹੈ। ਉਹਨਾਂ ਇਸ ਆਰਗੈਨਿਕ ਫਾਰਮ ਵਿਚ ਆਉਣ ਵਾਲੇ ਵਿਚ ਹੋਰ ਪ੍ਰਾਜੈਕਟ ਲਗਾਉਣ ਲਈ ਰਾਣੀ ਬੀਬੀ ਦੌਦਾ ਆਰਗੈਨਿਕ ਫਾਰਮ ਵੱਲੋਂ 'ਖੇਤੀ ਬੁਨਿਆਦੀ ਢਾਂਚਾ ਫੰਡ' ਦੇ ਤਹਿਤ ਵਿੱਤੀ ਸਹੂਲਤ ਰਾਹੀਂ ਕਰਜ਼ ਲੈਣ ਦੀ ਮੰਗ ਕੀਤੀ।

ਕੀ ਕੁਦਰਤੀ ਖੇਤੀ ਤੇ ਐਮ.ਐਸ.ਪੀ. ਫਿਕਸ ਕਰਨੀ ਸਰਕਾਰਾਂ ਨੂੰ ਮਨੁੱਖੀ ਸਿਹਤ ਸੁਧਾਰਾਂ, ਮਿੱਟੀ ਉਪਜਾਊਤਾ ਤੇ ਆਰਥਿਕਤਾ ਵਧਾਉਣ, ਖੇਤੀ ਦਵਾਈਆਂ ਦੀ ਫਸਲਾਂ ਤੇ ਵੱਧ ਖਪਤ ਘਟਾਉਣ 'ਚ ਲਾਹੇਵੰਦ ਸਾਬਿਤ ਹੋ ਸਕਦੀ ਹੈ, ਜੇਕਰ ਉਪਜਾਂ ਦੀ ਟੈਸਟਿੰਗ ਜ਼ਿਲ੍ਹੇ/ਬਲਾਕਾਂ 'ਚ ਹੋਵੇ ਲਾਜ਼ਮੀ

ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ।

ਕਿਉਕਿ ਅੱਜ ਕੱਲ੍ਹ ਹਰ ਕੋਈ ਵੱਧ ਝਾੜ ਲੈਣ ਦੀ ਲਾਲਚਾਂ ਭਰੀ ਸੋਚ ਤੇ ਸਾਡੇ ਸਿਸਟਮ ਨਾਲ ਨਾ ਚਾਹੁੰਦੇ ਹੋਏ ਵੀ ਵਿਕਲਪਾਂ ਦੀ ਘਾਟ ਕਰਕੇ ਅਜਿਹੀ ਦੌੜ ਵਾਲੀ ਜ਼ਿੰਦਗੀ ਤੋਂ ਬੱਚਣਾ ਬਹੁਤ ਔਖਾ। ਜਿਸ ਚ ਕਿਸਾਨ ਦੋਸ਼ੀ ਨਹੀਂ। ਬੱਸ ਉਸਦੀ ਬਾਂਹ ਹੋਰ ਪਾਸਿਓਂ ਵੀ ਫੜਨ ਦੀ ਲੋੜ ਹੈ। ਬੇਸ਼ੱਕ ਕਈ ਸੂਝਵਾਨ ਕਿਸਾਨ ਅੱਜ ਵੀ ਅਜਿਹੀ ਮਾਰੂ ਸ਼ੈਲੀ ਤੋਂ ਆਪਣੀ ਵੱਖਰੀ ਸੋਚ ਕਰਕੇ ਕੋਹਾਂ ਦੂਰ ਚੱਲ ਰਹੇ ਹਨ। ਉਸ ਤੋਂ ਵੱਡਾ ਖਤਰਨਾਕ ਅਲਾਮਤ ਕਿ ਖੇਤੀ ਦਵਾਈਆਂ ਵੀ ਇੱਕ ਦੂਜੇ ਵੱਲ ਦੇਖ ਕੇ ਪਾਉਣੀਆਂ ਤੇ ਦੂਜਾ ਨਾ ਚਾਹੁੰਦੇ ਹੋਏ ਅਗੇਤੀਆਂ ਪਿਛੇਤੀਆਂ ਵੀ ਦਵਾਈਆਂ ਸਪਰੇਅ ਡਰਦੇ ਕੀਟ ਪਤੰਗਿਆਂ ਤੇ ਨਜਾਇਜ਼ ਹੀ ਛਿੜਕਾਅ ਦੇਣੀ। ਜਿਸ ਦੀ ਲੋੜ ਹੋਵੇ ਜਾਂ ਨਹੀਂ ਕੇਵਲ ਘੱਟਦੇ ਝਾੜ ਦੇ ਨੁਕਸਾਨ ਦੇ ਖਮਿਆਜੇ ਤੋਂ ਡਰਦੇ ਆਮ ਚਲੰਤ ਹਨ। ਏਥੇ ਇਹ ਵੀ ਸਮਝਣ ਦੀ ਲੋੜ ਹੈ ਕਿ ਕੁਦਰਤੀ ਖੇਤੀ ਖਰਚੇ ਤੇ ਬੇਲੋੜੇ ਸਮਾਨ ਦੀ ਖਪਤ ਤੇ ਸੁਆਲ ਤਾਂ ਖੜ੍ਹੇ ਕਰਦੀ ਹੈ ਅਜਿਹੀ ਮਹਿੰਗੀ ਖੇਤੀ। ਜੋ ਮਨੁੱਖੀ ਸਿਹਤ ਤੇ ਨਚੋੜ ਦੇ ਰੂਪ ਵਿਚ ਮਾਰੂ ਬਿਮਾਰੀਆਂ ਦਾ ਰੂਪ ਧਾਰਨ ਕਰਦੀ ਜਾ ਰਹੀ ਹੈ।

ਜੇਕਰ ਦੇਸ਼ ਦੀਆਂ ਸਰਕਾਰਾਂ ਜ਼ਹਿਰ ਮੁਕਤ ਖੇਤੀ ਦੀ ਸਫਲ ਸ਼ੁਰੂਆਤ ਚੰਗੀ ਟੈਸਟਿੰਗ ਟੈਗ ਹੇਠ ਲਾਗੂ ਕਰੇਗੀ, ਤਾਂ ਪਹਿਲਾਂ ਤਾਂ ਝਾੜ ਘੱਟ ਹੋਵੇਗਾ ਅਤੇ ਕੁਆਲਿਟੀ ਸਰਵਉੱਚ ਹੋਵੇਗੀ ਅਤੇ ਨਾਲ ਹੀ ਉਤਪਾਦ ਦਾ ਰੇਟ ਜ਼ਰੂਰ ਵਧੇਗਾ। ਜਿਸ ਦਾ ਫਾਇਦਾ ਦੇਖ ਬਿਨਾਂ ਰਿਸਕ ਲੋਕ ਦੇਖਾ ਦੇਖੀਂ ਇਕ ਦੂਜੇ ਵੱਲ ਚੰਗੀ ਸਿਹਤ ਲਈ ਫਾਇਦੇਮੰਦ ਸਮਝ ਕੇ ਜ਼ਹਿਰ ਸਪਰੇਆਂ ਤੋਂ ਦੂਰ ਹੋਣਗੇ। ਚੰਗੀ ਸਿਹਤ ਲਈ ਉਤਪਾਦ ਦੀ ਮੰਗ ਖਾਣ ਤੇ ਬੀਜਣ ਦੀ ਵਧੇਗੀ। ਜੋ ਅਗਾਂਹ ਆਮ ਐਮ. ਐੱਸ. ਪੀ. ਨੂੰ ਘੱਟ ਝਾੜ ਤੇ ਤਾਕਤ ਭਰਪੂਰ ਨਾਲ ਪਾਰ ਕਰੇਗੀ।

ਇਹ ਵੀ ਸੱਚਾਈ ਹੈ ਕਿ ਅੱਜ ਵੀ ਸਾਡੇ ਸਮਾਜ ਵਿਚ ਬਹੁਤ ਸਾਰੇ ਜਾਗਰੂਕ



ਦੁਆਰਾ ਤਿਆਰ ਖੇਤ ਚ ਖੇਤੀ ਕਾਰਜ ਭਾਵੇਂ ਉਹ ਖੇਤੀ ਵਿਭਿੰਨਤਾ ਚ ਕਿਸੇ ਫਸਲ ਨੂੰ ਲੈ ਹੋਣ, ਇਹ ਸਭ ਤੰਦਰੁਸਤ ਸਮਾਜ ਤੇ ਤੰਦਰੁਸਤ ਫਸਲ ਪਾਣੀ ਨਾਲ ਹੀ ਸੰਭਵ ਹੋਵੇਗਾ।

ਤੀਜਾ ਆਰਥਿਕ ਦ੍ਰਿਸ਼ਟੀ ਨਾਲ ਦੇਖੀਏ ਤਾਂ ਫਜ਼ੂਲ ਜ਼ਹਿਰੀਲੇ ਰਸਾਇਣਾਂ ਨਾਲ ਬੂਟਿਆਂ ਦੇ ਵਾਧੇ ਤੇ ਕੈਮੀਕਲ ਸਪਰੇਅ ਦੇ ਨਾਮ ਹੇਠ ਬਾਇਓ ਉਤਪਾਦਾਂ ਦੀ ਭਰਮਾਰ ਜੋ ਹਰੇਕ ਸੀਜ਼ਨ ਦੌਰਾਨ ਹਰੇਕ ਫਸਲ ਤੇ ਕੇਵਲ ਟਾਰਗੈਟ ਬੇਸ ਵੇਚਣ ਦੇ ਮਕਸਦ ਵਜੋਂ ਪਹਿਲੀ ਖਾਦ ਤੋਂ ਬਾਅਦ ਪਾਉਣਾ, ਉਹ ਵੀ ਖੇਤੀ ਸੈਕਟਰ ਵਿਚ ਇਕ ਅਨਿੱਖੜਵਾਂ ਅੰਗ ਜਿਹਾ ਬਣ ਗਿਆ ਹੈ ਜੋ ਵਰਤੋਂ ਤੇ ਬੇਲੋੜੀ ਖਪਤ ਦੋਨੋਂ ਮਾੜੇ। ਕੁੱਲ ਮਿਲਾ ਕੇ ਬੇਲੋੜੇ ਲੋਕਾਂ ਦੀ ਘਾਟ ਨਹੀਂ, ਬਲਕਿ ਲੋਕ ਅੱਜ ਵੀ ਚੰਗੇ ਉਤਪਾਦ ਖਰੀਦਣ ਲਈ ਚੰਗੇ ਕਿਸਾਨਾਂ ਦੀ ਭਾਲ ਕਰਦੇ ਆਮ ਪਾਏ ਜਾਂਦੇ ਹਨ। ਬਹੁਤੇ ਥਾਵਾਂ ਤੇ ਜਿਹਨਾਂ ਲੋਕਾਂ ਕੋਲ ਜ਼ਹਿਰ ਮੁਕਤ ਚੰਗੇ ਉਤਪਾਦਾਂ ਵਾਲਾਂ ਕਿਸਾਨ ਜੁੜੇ ਹਨ। ਉਹ ਖਪਤਕਾਰ ਨਾਲ ਸਿੱਧਾ ਲੰਮੇ ਸਮੇਂ ਲਈ ਉਸ ਦੇ ਘਰ ਤੋਂ ਐਡਵਾਂਸ ਪੈਸੇ ਦੇ ਕੇ ਉਤਪਾਦਾਂ ਨੂੰ ਖਰੀਦਿਆ ਜਾਂਦਾ ਹੈ। ਉਹ ਵੀ ਕੇਵਲ ਭਰੋਸੇ ਨਾਲ, ਨਾ ਕਿਸੇ ਟੈਸਟਿੰਗ ਦੇ ਆਧਾਰ ਤੇ।

ਜੇਕਰ ਉਤਪਾਦਾਂ ਨੂੰ ਬਕਾਇਦਾ ਕੁਆਲਿਟੀ ਟੈਸਟ ਚੋਂ ਪਾਸ ਹੋਣ ਦੀ ਕਵਾਇਦ ਵਿਚ ਲਿਆਂਦਾ ਜਾਵੇ ਤਾਂ ਸਰਵਉੱਚ ਗਰੇਡ ਏ, ਗਰੇਡ ਬੀ, ਗਰੇਡ ਸੀ, ਚਾਰ ਗਰੇਡ ਤੱਕ ਪ੍ਰਕਿਰਿਆ ਚਲਾਉਣ



ਕਮਲਇੰਦਰਜੀਤ ਸਿੰਘ ਬਾਜਵਾ
ਬਲਾਕ ਟੈਕਨੋਲੋਜੀ ਮੈਨੇਜਰ,
ਖੇਤੀਬਾੜੀ ਵਿਭਾਗ, ਕਾਹਨੂੰਵਾਨ,
ਜ਼ਿਲ੍ਹਾ ਗੁਰਦਾਸਪੁਰ
ਮੋ. 98150-82401

ਦੀ ਲੋੜ ਹੈ। ਉਹਨਾਂ ਗ੍ਰੇਡਾਂ ਦੇ ਉੱਪਰ ਹੀ ਰੇਟ ਫਿਕਸ ਜਿਨਸ ਦਾ ਹੋਣਾ ਚਾਹੀਦਾ। ਨਹੀਂ ਤਾਂ ਜਾਗਰੂਕਤਾ ਦੀ ਘਾਟ ਕਰਕੇ ਅਤੇ ਦੁਕਾਨਦਾਰਾਂ ਦੀ ਪ੍ਰੋਡੱਕਟ ਵੇਚਣ ਦੇ ਲਾਲਚ ਸਦਕਾ ਤੜਾ ਤੜ ਫਜ਼ੂਲ ਖਰਚ ਤੇ ਫਜ਼ੂਲ ਸਪਰੇਆਂ ਜ਼ਹਿਰਾਂ ਦਾ ਰੁਝਾਨ ਮਿੱਟੀ ਦਾ ਬੰਜਰਪੁਣਾ ਕਦੇ ਵੀ ਫਸਲ ਤੇ ਮਾਪਦੰਡ ਅਨੁਸਾਰ ਬੰਦ ਨਹੀਂ ਹੋਵੇਗਾ। ਜੈਵਿਕ ਉਤਪਾਦਾਂ ਤੇ ਬਣਾਉਣ ਵਾਲਿਆਂ ਦਾ ਵਾਧਾ ਵੀ ਹੋਵੇਗਾ, ਬੇਸ਼ੱਕ ਘਰੇਲੂ ਨੁਸਖੇ ਵਾਲੇ ਲੋਕ ਹੀ ਕਿਉਂ ਨਾ ਹੋਣ ਜੋ ਆਰਗੈਨਿਕ ਇੰਡਸਟਰੀ ਨਵੇਂ ਰੁਜ਼ਗਾਰ ਤੇ ਏਜੰਸੀਆਂ ਰਾਹੀਂ ਖੁੱਲਣਗੇ। ਏਰੀਏ ਵਿਚ ਨਵੇਂ ਉਤਪਾਦਾਂ ਨੂੰ ਟੈਸਟਿੰਗ ਉਪਕਰਣ ਲੱਗਣਗੇ, ਲੋਕਾਂ ਵਿਚ ਜਾਗਰੂਕਤਾ ਵਧੇਗੀ। ਜਿੱਥੇ ਅੱਜ ਦੀ ਜ਼ਿੰਦਗੀ ਦੇ ਟੈਂਸ਼ਨ ਭਰੇ ਸਫਰ ਹੇਠ ਆਏ ਇਨਸਾਨ ਜੋ ਹੱਥੀਂ ਕੰਮ ਨਹੀਂ ਚੰਗੀ ਸਿਹਤ ਲਈ ਕਰ ਪਾਉਂਦੇ। ਉਹਨਾਂ ਨੂੰ ਤਾਕਤ ਭਰਪੂਰ ਤੰਦਰੁਸਤ ਸ਼ੁਧ ਭੋਜਨ ਜ਼ਹਿਰ ਮੁਕਤ ਮਿਲੇਗਾ। ਜਿਸ ਨਾਲ ਤੰਦਰੁਸਤ ਸਮਾਜ ਦੀ ਸਿਰਜਣਾ ਹੋਵੇਗੀ। ਕੁਦਰਤੀ ਖੇਤੀ ਹੇਠ ਰਕਬਾ ਵਧੇਗਾ ਜਿਸ ਨਾਲ ਕੁਦਰਤੀ ਜੀਵਾਂ ਦੀ ਵਾਪਸੀ ਹੋਵੇਗੀ, ਵਾਤਾਵਰਣ ਸਾਫ ਅਤੇ ਬਿਮਾਰੀਆਂ ਦਾ ਖਾਤਮਾ ਹੋਵੇਗਾ। ਬਾਕੀ ਅਜਿਹੀ ਖੇਤੀ ਕੇਵਲ ਸਾਫ ਨੀਅਤ ਨਾਲ ਹੀ ਲਾਗੂ ਹੋਵੇਗੀ। ਕਿਉਕਿ ਅੱਜ ਵੀ ਅਜਿਹੇ ਲੋਕ ਸਮਾਜ ਵਿਚ ਬਹੁਤ ਨੇ ਜੋ ਏਸ ਖੇਤੀ ਤੇ ਵਧੇਰੇ ਖਰਚ ਤੇ ਮਿਹਨਤ ਹੋਣ ਦੇ ਬਾਵਜੂਦ ਬਿਨਾਂ ਸਰਕਾਰ ਦੀ ਸਹੂਲਤ ਦੇ ਆਪਣੇ ਦਮ ਤੇ ਕਾਸ਼ਤ ਕਰ ਰਹੇ ਹਨ। ਸਿਰਫ ਉਹਨਾਂ ਨੂੰ ਹੋਰ ਹੁੰਗਾਰਾ ਦੇਣ ਦੀ ਲੋੜ ਹੈ ਜਿਨ੍ਹਾਂ ਵੱਲ ਦੇਖ ਹੋਰ ਕਿਸਾਨ ਅੱਗੇ ਆਉਣਗੇ।

ਫਸਲ ਵਿਚਲੇ ਜ਼ਹਿਰ ਦੀ ਗੱਲ ਕਰੀਏ ਤਾਂ ਏਥੇ ਏ ਵੀ ਉਦਾਹਰਨ ਬਾਸਮਤੀ ਦੀ ਵਿਦੇਸ਼ੀ ਧਰਤਿ ਤੋਂ ਸਾਰੇ ਕਿਸਾਨ ਵੀਰਾਂ ਤੋਂ ਅਤੇ ਆਮ ਖੱਪਤਕਾਰਾਂ ਤੋਂ ਛੁੱਪੀ ਨਹੀਂ ਕਿ ਜਿੱਥੇ ਬਾਸਮਤੀ ਵੱਡੇ ਪੱਧਰ ਤੇ ਵਿਦੇਸ਼ੀ ਧਰਤਿ ਤੇ ਜਾਂਦੀ ਸੀ ਤਾਂ ਵਿਕਸਤ ਦੇਸ਼ਾਂ ਦੇ ਲੋਕਾਂ ਵੱਲੋਂ ਪਹਿਲਾਂ ਜ਼ਹਿਰ ਉਤਪਾਦਾਂ ਵਿਚ ਵੱਧ ਪਾਏ ਜਾਣ ਦੀ ਸ਼ੰਕਾ ਨੂੰ ਪ੍ਰਗਟਾਉਦਿਆਂ ਅਤੇ ਉੱਥੇ ਦੇ ਸੰਸਥਾਵਾਂ ਵੱਲੋਂ ਲੋਕਾਂ ਦੀ ਸਿਹਤ ਤੰਦਰੁਸਤੀ ਨੂੰ ਕਾਇਮ ਰੱਖਣ ਲਈ ਉਸ 'ਚ ਜ਼ਹਿਰੀਲੇ ਰਸਾਇਣਾਂ ਦੀ ਰਹਿੰਦ-ਖੂੰਹਦ ਨੂੰ ਟੈਸਟਿੰਗ ਕਰਨੀ ਜ਼ਰੂਰੀ ਸਮਝਦੇ ਹਨ। ਜੋ ਕਿ ਭਾਰਤ ਦੇਸ਼ ਵਿਚ ਕੋਈ ਜੀਵ ਜਾਂ ਬਿਮਾਰੀ ਨਾਲ ਮਰੇ, ਕੋਈ ਬਹੁਤੇ ਸੋਚ ਵਿਚਾਰ ਦਾ ਮਸਲਾ ਨਹੀਂ। ਜੇਕਰ ਹੁੰਦਾ ਤਾਂ ਗਿਆਰਾਂ ਬਾਸਮਤੀ ਤੇ ਬੈਨ ਦਵਾਈਆਂ ਦੀ ਲਿਸਟ ਪਹਿਲਾਂ ਹੀ ਜਨਤਕ ਸਾਡੇ ਦੇਸ਼ ਵਿਚ ਆਮ ਲੋਕਾਂ ਦੀ ਸੂਚਨਾ 'ਚ ਆ ਜਾਂਦੀ ਜੋ ਏਥੇ ਨਹੀਂ ਹੋਇਆ। ਬਾਅਦ 'ਚ ਜ਼ਰੂਰ ਪੰਜਾਬ ਸਰਕਾਰ ਵੱਲੋਂ ਹੋਕਾ ਅਖਬਾਰਾਂ ਮੀਡੀਆ ਮਾਧਿਅਮ ਰਾਹੀਂ ਜ਼ਰੂਰ ਦਿੱਤਾ ਗਿਆ।

ਖੇਤੀ ਉਤਪਾਦਾਂ ਤੇ ਖੇਤੀ ਵਿਭਿੰਨਤਾ ਦੀ ਗੱਲ ਹੋਵੇ ਤਾਂ ਕੁਆਲਿਟੀ ਪ੍ਰਮੁੱਖਤਾ ਨੂੰ ਵਿਚਾਰ ਅਧੀਨ ਲਿਆਉਣ ਨਾਲ ਜਿੱਥੇ ਚੰਗੀ ਕੁਆਲਿਟੀ ਦੀ ਚੀਜ਼ ਲੈਣ ਲਈ ਖਪਤਕਾਰ ਆਪਣੀ ਸਿਹਤ ਸੁਰੱਖਿਆ ਨੂੰ ਧਿਆਨ ਵਿਚ ਰੱਖਦੇ ਅਜਿਹੇ ਸਰਵ ਉੱਚ ਕੋਟੀ ਦੇ ਉਤਪਾਦਾਂ ਨੂੰ ਟੈਸਟਿੰਗ ਟੈਸ ਤੇ ਪਹਿਲ ਦੇਣਗੇ। ਉੱਥੇ ਕਿਸਾਨ ਵੱਧ ਝਾੜ ਪਾਪਤ ਕਰਨ ਦੀ ਦੌੜ ਤੇ ਅਤੇ ਵੱਧ ਸਪਰੇਆਂ ਦੇਰੁਝਾਨ ਤੇ ਰੋਕ ਲੱਗੇਗੀ। ਹੋ ਸਕਦਾ ਦੇਸੀ ਬੀਜਾਂ ਦਾ ਰੁਝਾਨ ਫਿਰ ਵਧੇਗਾ। ਜੇਕਰ ਅਜਿਹੇ ਬਦਲਾਅ ਖੇਤੀ 'ਚ ਆਉਦੇ ਹਨ ਤਾਂ ਆਲਮੀ ਤਪਸ਼ ਤੇ ਮੌਸਮ ਵਿਚ ਵਾਤਾਵਰਣ ਬਦਲਾਅ ਹੋਵੇਗਾ ਤੇ ਰੁਕਸਤ ਹੋਈ ਕੁਦਰਤ ਖਲਿਆਣਾ ਦੀ ਵਾਪਸੀ ਹੋਵੇਗੀ।

ਏਥੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਜਰੂਰ ਹੋਣਗੇ ਟੈਸਟਿੰਗ ਕਿੱਦਾਂ ਹੋਵੇਗੀ, ਅਤੇ ਝਾੜ ਸੰਭਾਲ/ਸਟੋਰੇਜ ਅਤੇ ਐਕਸਪੋਰਟ ਤੇ ਕਿੰਨਾ ਅਸਰ ਪਵੇਗਾ। ਇਸਦਾ ਜਵਾਬ ਸਰਕਾਰ ਨੂੰ ਤਰਾਸ਼ਣ ਦੀ ਲੋੜ ਹੈ। ਕਿਉਕਿ ਵਿਦੇਸ਼ਾਂ ਦੀ ਤਰਜ਼ ਤੇ ਉਤਪਾਦ ਖਰੀਦ ਤੋਂ ਪਹਿਲਾਂ ਰੈਸਿਡਿਉ ਟੈਸਟਿੰਗ ਦੀ ਪ੍ਰਥਾ ਨਹੀਂ ਏਥੇ। ਕੀ ਅੱਜ ਆਮ ਮੰਡੀ ਵਿਚ ਵਿਕਣ ਆ ਰਹੀ ਕਣਕ ਕੋਠੇ ਤੇ ਬੈਠਣ ਵਾਲੇ ਪੰਛੀਆਂ ਅਤੇ ਆਮ ਲੋਕਾਂ ਦੇ ਖਾਣ ਯੋਗ ਹੈ ਜਾਂ ਨਹੀਂ। ਜੇਕਰ ਨਹੀਂ ਤਾਂ ਇਸ ਦੇ ਮਾਪਦੰਡਾਂ ਦੀ ਰਾਖੀ ਅਤੇ ਏਸ ਤੇ ਹੋਣ ਵਾਲੀਆਂ ਸਪਰੇਅ ਤੇ ਬੈਨ ਕਦੋਂ ਤੇ ਕਿਹੜੀਆਂ ਹਾਲਤਾਂ ਵਿਚ ਕਦੋਂ ਲਗੇਗਾ ? ਜਾਂ ਕਿੰਨਾ ਰਸਾਇਣ ਹੈ ?

ਦੋਸਤੋ ਅੱਜ ਬਹੁਤ ਸਾਰੇ ਕਿਸਾਨ ਵੀਰਾਂ ਦੀ ਖੇਤੀ ਉਪਜ ਕਣਕ ਬਾਰੇ ਕਈਆਂ ਨਾਲ ਵਿਚਾਰ ਵਟਾਂਦਰਾ ਕਰਨ ਤੇ ਪਤਾ ਲੱਗਾ, ਕਿ ਜਿੱਥੇ ਝਾੜ ਤਾਂ 8 ਤੋਂ 10 ਕੁਇੰਟਲ ਪ੍ਰਤੀ ਏਕੜ ਰਿਹਾ। ਉੱਥੇ ਕੁੱਝ ਕੁ ਕਿਸਾਨਾਂ ਦੀ ਫਸਲ ਕੁਦਰਤੀ ਖੇਤੀ ਜ਼ਹਿਰਾਂ ਮੁਕਤ ਹੋਣ ਕਰਕੇ ਬਿਨਾਂ ਕਿਸੇ ਮੰਡੀ ਦੇ ਅਤੇ ਮੰਡੀਕਰਨ ਦੇ ਆਪਣੇ ਪੱਧਰ ਤੇ ਕਿਸੇ ਦਾ ਰੇਟ 4000/- ਕੁਇੰਟਲ ਅਜਿਹੇ ਹੀ ਉਤਪਾਦਾਂ ਨੂੰ ਸੇਲ ਕਰਨ ਵਾਲੇ ਦੁਕਾਨਦਾਰ ਨੇ ਕਿਸਾਨ ਨੂੰ ਕਿਸੇ ਗ੍ਰਾਹਕ ਤੋਂ ਦਵਾਇਆ, ਏਸੇ ਮੁੱਦੇ ਤੇ ਦੂਜੇ ਕਿਸਾਨ ਵੀਰ ਨੇ ਗੱਲਬਾਤ ਦੌਰਾਨ ਦੱਸਿਆ ਕਿ ਉਸ ਨੂੰ ਤਾਂ ਐਡਵਾਂਸ ਪੈਸੇ ਨੇੜਲੇ ਕਸਬੇ ਦੇ ਜਾਗਰੂਕ ਲੋਕਾਂ ਤੋਂ 5500 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਘਰ ਬੈਠੇ ਦੇ ਗਏ, ਕੁਝ ਕਿਸਾਨਾਂ ਨੇ ਕਿਹਾ ਕਿ ਸਾਡੇ ਤਾਂ ਪੱਕੇ ਰੇਟ ਨੋ 6000/- ਰੁਪਏ ਤੱਕ ਆਮ ਘਰਾਂ ਤੋਂ ਆਸਾਨੀ ਨਾਲ ਵਿਕ ਜਾਂਦੀ ਹੈ।

ਪਰ ਏਥੇ ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਕਿਸੇ ਦਾ ਵੀ ਕੋਈ ਤਕਨੀਕੀ ਟੈਸਟਿੰਗ ਪੈਮਾਨਾ ਨਹੀਂ ਸੀ, ਬੱਸ ਸਮਝਣ ਮੁਤਾਬਕ ਕੇਵਲ ਵਿਸ਼ਵਾਸ ਤੇ ਹੀ ਰੇਟ ਮਿਲਣਾ ਸਭ ਤਕਰੀਬਨ ਤਹਿ ਲੱਗ ਰਿਹਾ ਸੀ। ਖੈਰ ਸਰਵਉੱਚ ਗਰੇਡ ਕੋਈ ਨਹੀਂ। ਸ਼ਾਇਦ ਏਥੇ ਸਭਨਾਂ ਦੇ ਪੈਮਾਨੇ ਦੀ ਜਾਂਚ ਕਰਨ ਦੀ ਲੋੜ ਸੀ, ਤਾਂ ਜੋ ਬਾਕੀਆਂ ਨਾਲੋਂ ਫਜ਼ੂਲ ਖਰਚ ਤੇ ਸਪਰੇਆਂ ਜ਼ਹਿਰਾਂ ਦੀ ਦੌੜ ਤੋਂ ਹੱਟ ਕੇ ਉਲਟਾ ਹੱਥੀਂ ਗੋਡੀ ਕਰਨਾ ਵਗੈਰਾ, ਦੇਸੀ ਨੁਸਖੇ ਅਪਣਾਉਣੇ, ਸਖਤ ਮਿਹਨਤ ਵੀ ਇਸ 'ਚ ਸਪੱਸ਼ਟ ਹੈ ਜੋ ਸੇਧ ਤੇ ਚੰਗੀ ਕੁਆਲਿਟੀ ਸਭ ਤੇ ਸਾਹਮਣੇ ਸੇਧ ਵੱਜੋਂ ਲਿਆਉਣ ਲਈ ਬਕਾਇਦਾ ਸਰਟੀਫਿਕੇਟ ਜਾਰੀ ਕਰਨ ਦੀ ਲੋੜ ਹੈ। ਦੋਸਤੋ ਲੇਖ ਕੇਵਲ ਸੇਧਾਂ ਤੇ ਸੁਝਾਅ ਹਨ ਜੋ ਕਿਸਾਨਾਂ ਨਾਲ ਵਿਚਰਨ ਤੇ ਤਜ਼ਰਬੇ ਸਾਂਝੇ ਹੁੰਦੇ ਹਨ। ਲੇਖ ਪ੍ਰਤੀ ਕੋਈ ਤੁਹਾਡਾ ਸੁਝਾਅ ਹੋਵੇ ਤਾਂ ਵਿਭਾਗ ਦੇ ਨੰਬਰ ਤੇ ਸੰਪਰਕ ਕਰੋ।

ਬਾਕੀ ਸਫਾ 7 ਦੀ

ਖਾਰੇ-ਲੂਣੇ ਪਾਣੀ ਦੀ ਮਾਰ, ਹਰੀ ਖਾਦ ਕਰੇ ਸੁਧਾਰ

ਫਾਸਫੋਰਸ ਦੀ ਵਰਤੋਂ ਕੀਤੀ ਗਈ ਹੋਵੇ ਤਾਂ ਢੈਚੇ ਨੂੰ ਇਹ ਖਾਦ ਨਾ ਪਾਓ। ਫਸਲ ਨੂੰ ਜ਼ਮੀਨ ਦੀ ਕਿਸਮ ਅਤੇ ਤਾਪਮਾਨ ਮੁਤਾਬਕ 3-4 ਵਾਰੀ ਪਾਣੀ ਲਾਓ। ਅਪ੍ਰੈਲ ਵਿਚ ਬੀਜੇ ਢੈਚੇ ਨੂੰ ਅੱਧ ਜੂਨ ਤੱਕ ਖੇਤ ਵਿਚ ਵਾਹ ਦਿਉ। ਇਸ ਸਮੇਂ ਤੱਕ ਇਹ ਫਸਲ ਕਾਫੀ ਵਾਧਾ ਕਰ ਜਾਂਦੀ ਹੈ ਅਤੇ ਝੋਨੇ ਦੀ ਲੁਆਈ ਦੀ ਸਹੀ ਸਮੇਂ ਤੇ ਹੋ ਜਾਂਦੀ ਹੈ। ਖੇਤ ਵਿਚ ਝੋਨੇ ਜਾਂ ਬਾਸਮਤੀ ਦੀ ਲੁਆਈ ਤੋਂ 1-2 ਦਿਨ ਪਹਿਲਾਂ ਢੈਚੇ ਨੂੰ ਜ਼ਮੀਨ ਵਿਚ ਵਾਹ ਦਿਓ। ਪਰ ਮੱਕੀ ਦੀ ਬਿਜਾਈ ਤੋਂ ਲਗਭਗ 10 ਦਿਨ ਪਹਿਲਾਂ ਹਰੀ ਖਾਦ ਨੂੰ ਜ਼ਮੀਨ ਵਿਚ ਵਾਹ ਦੇਣਾ ਚਾਹੀਦੀ ਹੈ ਤਾਂ ਜੋ ਉਹ ਚੰਗੀ ਤਰ੍ਹਾਂ ਗਲ-ਸੜ ਜਾਏ।

ਸਣ : ਸਣ ਹਰੀ ਖਾਦ ਵਜੋਂ ਵਰਤੀ ਜਾਣ ਵਾਲੀ ਇਕ ਫਲੀਦਾਰ ਫਸਲ ਹੈ, ਜੋ ਛੇਤੀ ਵਧਣ ਦੀ ਯੋਗਤਾ ਰੱਖਦੀ ਹੈ। ਇਹ ਫਸਲ ਖਾਰੀਆਂ ਅਤੇ ਤੇਜ਼ਾਬੀ ਜ਼ਮੀਨੀ ਹਾਲਤਾਂ ਨੂੰ ਸਹਿਣ ਦੀ ਵੀ ਸਮਰੱਥਾ ਰੱਖਦੀ ਹੈ। ਇਹ ਫਸਲ ਲਗਭਗ 45-90 ਕੁਇੰਟਲ ਹਰਾ ਮਾਦਾ ਜ਼ਮੀਨ ਵਿਚ ਜਮ੍ਹਾਂ ਕਰਨ ਦੇ ਸਮਰੱਥ ਹੈ। ਸਣ ਦੀਆਂ ਪੀ ਏ ਯੂ 1691 ਅਤੇ ਨਰਿੰਦਰ ਸਨਈ-1 ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ। ਬੀਜਾਈ ਮਗਰੋਂ ਡੇਢ-ਦੋ ਮਹੀਨਿਆਂ ਦੌਰਾਨ ਹੀ ਇਹ ਕਿਸਮਾਂ ਲਗਭਗ 160-225 ਸੈਂਟੀਮੀਟਰ ਤੱਕ ਕਦ ਕਰ ਜਾਂਦੀਆਂ ਹਨ। ਇਹਨਾਂ ਕਿਸਮਾਂ ਦੀ ਕਾਸ਼ਤ ਅਪ੍ਰੈਲ ਤੋਂ ਜੁਲਾਈ ਦੌਰਾਨ ਕੀਤੀ ਜਾ ਸਕਦੀ ਹੈ। ਖੇਤ ਦੀ ਤਿਆਰੀ



ਮਗਰੋਂ ਬਿਜਾਈ ਲਈ 20 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ 22.5 ਸੈਂਟੀਮੀਟਰ ਵਿੱਥ ਦੀਆਂ ਕਤਾਰਾਂ ਵਿਚ ਜਾਂ ਛੱਟੇ ਨਾਲ ਕਰੋ। ਚੰਗੇ ਜੰਮ ਲਈ ਬੀਜ ਨੂੰ ਬਿਜਾਈ ਤੋਂ ਪਹਿਲਾਂ ਕੁੱਝ ਦੇਰ ਲਈ ਪਾਣੀ ਵਿਚ ਭਿਉਣ ਨਾਲ ਜੰਮ ਚੰਗਾ ਹੁੰਦਾ ਹੈ। ਫਸਲ ਦੀ ਬੀਜਾਈ ਸਮੇਂ ਪ੍ਰਤੀ ਏਕੜ 16 ਕਿਲੋ ਫਾਸਫੋਰਸ (100 ਕਿਲੋ ਸਿੰਗਲ ਸੁਪਰ ਫਾਸਫੋਰਸ) ਪਾਉਣ ਦੀ ਜ਼ਰੂਰਤ ਪੈਂਦੀ ਹੈ। ਇਸ ਫਸਲ ਨੂੰ ਜੰਤਰ ਦੇ ਮੁਕਾਬਲੇ ਘੱਟ ਸਿੰਚਾਈਆਂ ਦੀ ਜ਼ਰੂਰਤ ਹੈ, ਜੋ ਜ਼ਮੀਨ ਦੀ ਕਿਸਮ ਅਤੇ ਮੌਸਮ ਅਨੁਸਾਰ 2-3 ਪਾਣੀ ਹੀ ਕਾਫੀ ਹਨ। ਕਣਕ ਝੋਨੇ ਦੇ ਫਸਲੀ ਚੱਕਰ ਵਿਚ ਕਿਸਾਨਾਂ ਕੋਲ ਕਣਕ ਦੀ ਵਾਢੀ ਤੋਂ ਬਾਅਦ 20 ਜੂਨ ਤੱਕ ਲਗਭਗ ਦੋ ਮਹੀਨਿਆਂ ਦਾ ਸਮਾਂ ਹੁੰਦਾ ਹੈ ਜਿਸ ਦੌਰਾਨ ਜੰਤਰ ਜਾਂ ਸਣ ਦੀ ਹਰੀ ਖਾਦ ਕੀਤੀ ਜਾ ਸ

ਗਰਮੀ ਵਿਚ ਘਰ ਬਣਾਓ ਪੌਸ਼ਟਿਕ ਅਤੇ ਠੰਡਕ ਦੇਣ ਵਾਲੇ ਡ੍ਰਿੰਕਸ

ਡਾ. ਨੀਰਜਾ ਸਿੰਗਲਾ, ਭੋਜਨ ਅਤੇ ਪੌਸ਼ਣ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 950 14-88441)



ਗਰਮੀਆਂ ਵਿਚ ਵੱਧ ਰਹੇ ਤਾਪਮਾਨ ਅਤੇ ਲੂ ਦੇ ਮਾੜੇ ਅਸਰ ਤੋਂ ਬਚਣ ਲਈ ਸਰੀਰ ਵਿਚ ਪਾਣੀ ਦੀ ਮਾਤਰਾ ਦਾ ਸੰਤੁਲਨ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ। ਬਹੁਤ ਉੱਚ ਤਾਪਮਾਨ ਨਾਲ ਜ਼ਿਆਦਾ ਪਸੀਨਾ ਆਉਂਦਾ ਹੈ, ਜਿਸ ਨਾਲ ਬਹੁਤ ਸਾਰੇ ਲੋੜੀਂਦੇ ਖਣਿਜ ਤੱਤ ਨਿਕਲ ਜਾਂਦੇ ਹਨ ਅਤੇ ਸਰੀਰ ਨੂੰ ਥਕਾਵਟ ਹੁੰਦੀ ਹੈ। ਸਰੀਰ ਦੇ ਵਿੱਚੋਂ ਪਾਣੀ ਖਤਮ (Dehydration) ਹੋਣ ਦਾ ਡਰ ਹੁੰਦਾ ਹੈ। ਇਸ ਲਈ ਗਰਮੀਆਂ ਵਿਚ ਵਧ ਤੋਂ ਵੱਧ ਪਾਣੀ ਅਤੇ ਹੋਰ ਤਰਲ ਪਦਾਰਥ ਪੀਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਆਓ ਇਹਨਾਂ ਗਰਮੀਆਂ ਵਿਚ ਲੂਣ ਤੋਂ ਬਚਣ ਲਈ ਅਤੇ ਆਪਣੇ ਸਰੀਰ ਨੂੰ ਠੰਡਾ ਰੱਖਣ ਲਈ ਘਰ ਵਿਚ ਬਣੇ ਹੋਏ ਡ੍ਰਿੰਕਸ ਵੀ ਵਰਤੋਂ ਕਰੀਏ।

ਜਲ-ਜੀਰਾ

ਸਮੱਗਰੀ	ਮਾਤਰਾ
ਇਮਲੀ	250 ਗ੍ਰਾਮ
ਪਾਣੀ	2 ਲਿਟਰ
ਸ਼ੱਕਰ	500 ਗ੍ਰਾਮ
ਭੁੰਨੇ ਜੀਰੇ ਦਾ ਪਾਊਡਰ	20 ਗ੍ਰਾਮ
ਕਾਲਾ ਨਮਕ	2 ਛੋਟੇ ਚਮਚ (10 ਗ੍ਰਾਮ)
ਕਾਲੀ ਮਿਰਚ	2 ਛੋਟੇ ਚਮਚ (10 ਗ੍ਰਾਮ)
ਨਿੰਬੂ	2-3

ਤਰੀਕਾ : ★ ਇਮਲੀ ਨੂੰ ਤਕਰੀਬਨ ਅੱਧੇ ਪਾਣੀ ਵਿਚ ਰਾਤ ਭਰ ਭਿਉਂ ਦਿਉ।

★ ਇਮਲੀ ਦੇ ਗੁੱਦੇ ਨੂੰ ਪਾਣੀ ਵਿੱਚੋਂ ਅਲੱਗ ਕਰ ਲਓ।

★ ਇਮਲੀ ਦੇ ਪਾਣੀ ਵਿਚ ਬਾਕੀ ਬਚਿਆ ਪਾਣੀ ਪਾ ਦਿਓ।

★ ਇਸ ਵਿਚ ਸ਼ੱਕਰ, ਭੁੰਨੇ ਜੀਰੇ ਦਾ ਪਾਊਡਰ ਅਤੇ ਹੋਰ ਸਾਰੇ ਉੱਪਰ ਦੱਸੇ ਮਸਾਲੇ ਪਾ ਦਿਓ।

★ ਚੰਗੀ ਤਰ੍ਹਾਂ ਮਿਕਸ ਕਰ ਕੇ ਮਲਮਲ ਦੇ ਕੱਪੜੇ ਵਿੱਚੋਂ ਛਾਣ ਲਓ।

★ ਇਸ ਵਿਚ ਨਿੰਬੂ ਦਾ ਜੂਸ ਪਾ ਦਿਓ। ਚੰਗੀ ਤਰ੍ਹਾਂ ਠੰਡਾ ਕਰ ਲਓ ਅਤੇ ਪਰੋਸਣ ਤੋਂ ਪਹਿਲਾਂ ਤਾਜ਼ੇ ਪੁਦੀਨੇ ਦੇ ਪੱਤਿਆਂ ਨਾਲ ਸਜਾ ਲਉ

ਨਿੰਬੂ ਦਾ ਸੁਕੈਸ਼

ਸਮੱਗਰੀ	ਮਾਤਰਾ
ਨਿੰਬੂ	25-30 ਨਿੰਬੂ (1 ਲਿਟਰ ਜੂਸ ਲਈ)
ਖੰਡ	2 ਕਿਲੋ
ਪਾਣੀ	1.5 ਲਿਟਰ
ਪੋਟਾਸ਼ੀਅਮ ਮੈਟਾਬਾਈਸਲਫਾਈਟ	3.5 ਗ੍ਰਾਮ

ਤਰੀਕਾ : ★ ਇਕ ਬਰਤਨ ਵਿਚ ਪਾਣੀ ਅਤੇ ਖੰਡ ਉਦੋਂ ਤੱਕ ਉਬਾਲੋ ਜਦੋਂ ਤੱਕ ਕਿ ਖੰਡ ਘੁਲ ਨਾ ਜਾਵੇ। ਮਿਸ਼ਰਣ ਨੂੰ ਸਾਫ ਕਰਨ ਲਈ ਇਸ ਵਿਚ 1 ਛੋਟਾ ਚਮਚ ਨਿੰਬੂ ਦਾ ਜੂਸ ਪਾ ਲਓ।

★ ਇਸ ਨੂੰ ਠੰਡਾ ਕਰਕੇ ਮਲਮਲ ਦੇ ਕੱਪੜੇ ਵਿੱਚੋਂ ਛਾਣ ਲਉ।

★ ਇਸ ਮਿਸ਼ਰਣ ਵਿਚ ਹੌਲੀ-ਹੌਲੀ ਨਿੰਬੂ ਦਾ ਜੂਸ ਮਿਕਸ ਕਰਦੇ ਜਾਓ।

★ ਇਕ ਵਾਰ ਫੇਰ ਮਲਮਲ ਦੇ ਕੱਪੜੇ ਵਿੱਚੋਂ ਛਾਣ ਲਓ।

★ ਥੋੜ੍ਹੇ ਜਿਹੇ ਮਿਸ਼ਰਣ ਵਿਚ ਪੋਟਾਸ਼ੀਅਮ ਮੈਟਾਬਾਈਸਲਫਾਈਟ ਘੋਲ ਲਉ ਅਤੇ ਸਾਰੇ ਮਿਸ਼ਰਣ ਵਿਚ ਮਿਕਸ ਕਰ ਲਓ।

★ ਤਿਆਰ ਸੁਕੈਸ਼ ਨੂੰ ਕੱਚ ਦੀਆਂ ਸਾਫ ਬੋਤਲਾਂ ਵਿਚ ਭਰ ਲਉ ਅਤੇ ਢੱਕਣ ਲਗਾ ਕੇ ਸੀਲ ਕਰ ਦਿਓ।

★ ਪੀਣ ਲਈ, 1/4 ਹਿੱਸੇ ਸੁਕੈਸ਼ ਵਿਚ ਠੰਡਾ ਪਾਣੀ ਮਿਕਸ ਕਰ ਲਓ।

ਸੱਤੂ ਦਾ ਨਮਕੀਨ ਸ਼ਰਬਤ

ਸਮੱਗਰੀ	ਮਾਤਰਾ
ਸੱਤੂ ਦਾ ਆਟਾ (ਭੁੱਜੇ ਹੋਏ ਕਾਲੇ ਚਨੇ ਦਾ ਆਟਾ)	50 ਗ੍ਰਾਮ
ਪਾਣੀ	1 ਲਿਟਰ
ਨਿੰਬੂ	1
ਕਾਲਾ ਨਮਕ	ਸਵਾਦ ਅਨੁਸਾਰ
ਭੁੰਨਿਆ ਹੋਇਆ ਜੀਰਾ ਪਾਊਡਰ	ਇੱਕ ਚੁਟਕੀ

ਤਰੀਕਾ : ★ ਭੁੱਜੇ ਹੋਏ ਕਾਲੇ ਚਨੇ ਨੂੰ ਪੀਸ ਕੇ ਆਟਾ ਬਣਾ ਲਓ।

★ ਸੱਤੂ ਦੇ ਆਟੇ ਵਿੱਚ ਪਾਣੀ, ਨਿੰਬੂ ਦਾ ਰਸ, ਕਾਲਾ ਨਮਕ, ਭੁੰਨਿਆਂ ਹੋਇਆ ਜੀਰਾ ਪਾਊਡਰ ਅਤੇ ਪੁਦੀਨੇ ਦੇ ਪੱਤੇ ਪਾ ਕੇ ਮਿਸ਼ਰਣ ਬਣਾ ਲਉ।



★ ਚੰਗੀ ਤਰ੍ਹਾਂ ਠੰਡਾ ਕਰ ਲਉ ਅਤੇ ਪਰੋਸਨ ਤੋਂ ਪਹਿਲਾਂ ਤਾਜ਼ੇ ਪੁਦੀਨੇ ਦੇ ਪੱਤਿਆਂ ਨਾਲ ਸਜਾ ਲਉ।

ਠੰਡਾਈ

ਸਮੱਗਰੀ	ਮਾਤਰਾ
ਦੁੱਧ	1.5 ਲਿਟਰ
ਭਿੱਜੇ ਹੋਏ ਬਾਦਾਮ	15-20
ਭਿੱਜੇ ਹੋਏ ਕਾਜੂ	15-20
ਭਿੱਜੇ ਹੋਏ ਪਿਸਤਾ	10-15
ਮਗਜ਼	10-12 ਗ੍ਰਾਮ
ਖਸ-ਖਸ	10-15 ਗ੍ਰਾਮ
ਖੰਡ	150 ਗ੍ਰਾਮ
ਇਲਾਚੀ ਪਾਊਡਰ	ਅੱਧਾ ਛੋਟਾ ਚਮਚ
ਦਾਲ ਚੀਨੀ ਪਾਊਡਰ	ਅੱਧਾ ਛੋਟਾ ਚਮਚ
ਕਾਲੀ ਮਿਰਚ	3/4 ਛੋਟਾ ਚਮਚ
ਕੇਸਰ	3-4 ਤੁਰੀਆਂ

ਤਰੀਕਾ : ★ ਭਿੱਜੇ ਹੋਏ ਬਾਦਾਮ, ਕਾਜੂ, ਪਿਸਤਾ, ਮਗਜ਼, ਅਤੇ ਖਸ ਖਸ ਨੂੰ ਥੋੜ੍ਹੇ ਜਿਹੇ ਦੁੱਧ ਵਿਚ ਪੀਸ ਕੇ ਪੇਸਟ ਬਣਾ ਲਉ।

★ ਦੁੱਧ ਵਿਚ ਕੇਸਰ ਪਾ ਕੇ ਉਸ ਨੂੰ ਉਬਾਲ ਲਓ ਅਤੇ ਖੰਡ ਪਾ ਲਓ।

★ ਦੁੱਧ ਵਿਚ ਉੱਪਰ ਬਣੀ ਪੇਸਟ, ਇਲਾਇਚੀ ਪਾਊਡਰ, ਦਾਲਚੀਨੀ ਪਾਊਡਰ ਅਤੇ ਕਾਲੀ ਮਿਰਚ ਪਾ ਕੇ 2-3 ਮਿੰਟ ਲਈ ਪਕਾਓ।

★ ਚੰਗੀ ਤਰ੍ਹਾਂ ਠੰਡਾ ਕਰਕੇ ਪਰੋਸ ਲਓ।

ਰੋਗਾਂ ਨਾਲ ਲੜਨ ਦੀ ਤਾਕਤ ਵਧਾਉਂਦਾ ਚਿੱਬੜ

ਸੰਜੀਵ ਝਾਂਜੀ
ਮੋ. 80049-10000

ਬਹੁਤ ਸਾਰੇ ਫਲ-ਸਬਜ਼ੀਆਂ ਅਜਿਹੀਆਂ ਹੀ ਹਨ, ਜਿਨ੍ਹਾਂ ਦਾ ਨਾਂ ਸੁਣਦਿਆਂ ਦੀ ਅਸੀਂ ਨੱਕ-ਬੁੱਲ੍ਹ ਕੱਢਣ ਲੱਗ ਜਾਂਦੇ ਹਾਂ ਪਰ ਉਹ ਫਾਇਦੇਮੰਦ ਬਹੁਤ ਹੁੰਦੀਆਂ ਹਨ। ਇਸੇ ਤਰ੍ਹਾਂ ਦਾ ਫਲ ਹੈ ਚਿੱਬੜ, ਜਿਹੜਾ ਆਮ ਤੌਰ 'ਤੇ ਖੱਟਾ ਹੁੰਦਾ ਹੈ ਪਰ ਗੁਣਾਂ ਨਾਲ ਭਰਪੂਰ ਹੁੰਦਾ ਹੈ। ਕੱਚਾ ਚਿੱਬੜ ਜ਼ਿਆਦਾ ਖੱਟਾ ਹੁੰਦਾ ਹੈ। ਛਿਲਕੇ ਤੋਂ ਇਹ ਮਤੀਰੇ ਵਰਗਾ, ਗੁੱਦੇ ਤੋਂ ਇਹ ਖੀਰੇ ਜਿਹਾ ਤੇ ਸਵਾਦ ਤੋਂ ਇਹ ਕੁਦਰਤੀ ਤੌਰ 'ਤੇ ਉੱਗਣ ਵਾਲਾ ਫਲ ਹੈ। ਜਦੋਂ ਸਾਉਣੀ ਦੀ ਫਸਲ ਵੱਢਦੇ ਤਾਂ ਵੱਢਣ ਵਾਲਿਆਂ ਨੂੰ ਚਿੱਬੜ ਆਮ ਹੀ ਮਿਲ ਜਾਂਦੇ ਸਨ।



ਨਿੰਬੂ ਵਰਗਾ ਹੁੰਦਾ ਹੈ। ਇਸ 'ਚ ਤਿੰਨ ਫਲਾਂ ਦੇ ਗੁਣ ਪਾਏ ਜਾਂਦੇ ਹਨ। ਇਹ ਸਾਉਣੀ ਦੀਆਂ ਫਸਲਾਂ ਦੇ ਨਾਲ ਰੇਤਲੀ ਅਤੇ ਬੰਜਰ ਜ਼ਮੀਨ ਜਾਂ ਟਿੱਬਿਆਂ ਦੀ ਢਲਾਣਾਂ, ਕਪਾਹ-ਨਰਮੇ ਦੇ ਖੇਤਾਂ 'ਚ

ਪਾਚਣ ਤੰਤਰ ਨੂੰ ਬਣਾਉਂਦਾ ਮਜ਼ਬੂਤ

ਸੇਬ ਦੇ ਛਿਲਕੇ 'ਚ ਥੋੜ੍ਹੀ ਮਾਤਰਾ ਵਿਚ ਯੂਰਸੋਲਿਕ ਤੇਜ਼ਾਬ ਹੁੰਦਾ ਹੈ, ਜਿਸ ਕਾਰਨ ਸੇਬ ਕੈਂਸਰ ਤੋਂ ਬਚਾਅ ਕਰਦਾ ਹੈ ਅਤੇ ਫਾਲਤੂ ਦੀ ਚਰਬੀ ਖੋਰਦਾ ਹੈ। ਵਿਗਿਆਨਕ ਪੜਚੋਲਾਂ ਤੋਂ ਪਤਾ ਲੱਗਿਆ ਹੈ ਕਿ ਯੂਰਸੋਲਿਕ ਤੇਜ਼ਾਬ ਸਾਨੂੰ ਹਰ ਰੋਜ਼ ਲਗਭਗ 200 ਮਿਲੀਗ੍ਰਾਮ ਜ਼ਰੂਰ ਖਾਣਾ ਚਾਹੀਦਾ ਹੈ। ਇਕ ਛੋਟੇ ਚਿੱਬੜ 'ਚ ਇਹ 200 ਮਿਲੀਗ੍ਰਾਮ ਹੁੰਦਾ ਹੈ (ਇੰਨਾ ਦੋ ਕਿਲੋਗ੍ਰਾਮ ਸੇਬਾਂ 'ਚ ਵੀ ਨਹੀਂ ਹੁੰਦਾ)। ਇਸ ਨਾਲ ਸਰੀਰ 'ਚ ਹਾਰਮੋਨਜ਼ ਦਾ ਰਿਸਾਅ ਸਹੀ ਰਹਿੰਦਾ ਹੈ। ਇਹ ਲਿਕੋਰੀਆ, ਕੈਂਸਰ, ਵਾਲਾਂ ਦਾ ਝੜਨਾ, ਚਿਹਰੇ ਦੇ ਕਿੱਲ, ਦਾਗ ਆਦਿ ਬਿਮਾਰੀਆਂ ਤੋਂ ਵੀ ਬਚਾਉਂਦਾ ਹੈ। ਚਿੱਬੜ ਪਾਚਣ-ਤੰਤਰ ਨੂੰ ਵੀ ਬਣਾਉਂਦਾ ਹੈ। ਇਹ ਖਾਧੇ ਗਏ ਭੋਜਨ ਵਿਚਲੀ ਖੰਡ (ਗਲੂਕੋਜ਼) ਨੂੰ ਪਚਾਉਣ 'ਚ ਵੀ ਸਾਡੇ ਪਾਚਣ ਤੰਤਰ ਦੀ ਸਹਾਇਤਾ ਕਰਦਾ ਹੈ। ਸ਼ੂਗਰ ਦੀ ਬਿਮਾਰੀ ਕਾਰਨ ਅੱਖ ਅਤੇ ਇਸ ਦੇ ਰੈਟੀਨਾ ਨੂੰ ਹੋਣ ਵਾਲੀਆਂ ਬਿਮਾਰੀਆਂ ਤੋਂ ਵੀ ਬਚਾਉਂਦਾ ਹੈ।

ਚਮੜੀ 'ਤੇ ਨਹੀਂ ਪੈਣ ਦਿੰਦਾ ਝੁਰੜੀਆਂ

ਇਸ ਦਾ ਲਾਈਕੋਪੀਨ ਤੇ ਬੀਟਾ ਕੈਰੋਟੀਨ ਨਾਂ ਦੇ ਦੋ ਮਹੱਤਵਪੂਰਨ ਐਂਟੀਆਕਸੀਡੈਂਟ ਹੁੰਦੇ ਹਨ, ਜੋ ਸਾਡੀ ਬਿਮਾਰੀਆਂ ਨਾਲ ਲੜਨ ਦੀ ਤਾਕਤ ਨੂੰ ਵਧਾਉਂਦੇ ਹਨ। ਲਾਗ (ਇਨਫੈਕਸ਼ਨ) ਤੋਂ ਵੀ ਬਚਾਉਣ 'ਚ ਮਦਦ ਕਰਦੇ ਹਨ। ਇਹ ਸੂਰਜ ਦੀ ਰੋਸ਼ਨੀ ਕਾਰਨ ਅੱਖਾਂ ਨੂੰ ਹੋਣ ਵਾਲੇ ਨੁਕਸਾਨ ਤੋਂ ਬਚਾਉਂਦੇ ਹਨ। ਇਹ ਸਰੀਰ 'ਚ ਪਾਣੀ ਦੀ ਮਾਤਰਾ ਵਧਾ ਕੇ ਚਮੜੀ 'ਤੇ ਝੁਰੜੀਆਂ ਨਹੀਂ ਪੈਣ ਦਿੰਦਾ ਤੇ ਬੁਢਾਪੇ ਨੂੰ ਜਲਦੀ ਨਹੀਂ ਆਉਣ ਦਿੰਦਾ। ਇਸ 'ਚ 90 ਫੀਸਦੀ ਪਾਣੀ ਅਤੇ ਬਹੁਤ ਸਾਰਾ ਰੇਸ਼ਾ (ਫਾਈਬਰ) ਹੁੰਦਾ ਹੈ, ਜਿਸ ਕਾਰਨ ਇਹ ਸਰੀਰ ਵਿਚੋਂ ਬੇਲੋੜੇ ਤੇ ਜ਼ਹਿਰੀਲੇ ਪਦਾਰਥ ਪਸੀਨੇ ਤੇ ਪਿਸ਼ਾਬ ਰਾਹੀਂ ਬਾਹਰ ਕੱਢਣ 'ਚ ਸਹਾਈ ਹੁੰਦਾ ਹੈ। ਰੇਸ਼ੇਦਾਰ ਹੋਣ ਕਾਰਨ ਇਹ ਆਂਦਰਾਂ ਦੀ ਸਫਾਈ ਦੀ ਕਰਦਾ ਹੈ।

ਚਟਨੀ ਜਾਂ ਸਬਜ਼ੀ ਵਜੋਂ ਕਰਦੇ ਸੀ ਸੇਵਨ

ਕਿਸੇ ਵੇਲੇ ਚਿੱਬੜ ਸਾਡੀ ਖੁਰਾਕ ਦਾ ਖਾਸ ਹਿੱਸਾ ਹੁੰਦਾ ਸੀ। ਲੋਕ ਚਟਨੀ ਤੇ ਸਬਜ਼ੀ ਦੇ ਰੂਪ 'ਚ ਇਸ ਦੀ ਵਰਤੋਂ ਕਰਦੇ ਸਨ ਪਰ ਸਮੇਂ ਦੇ ਨਾਲ-ਨਾਲ ਖੁਦ ਉੱਗਣ ਵਾਲੀ ਵੇਲ੍ਹ ਹੁਣ ਲੋਪ ਹੋ ਗਈ ਹੈ। ਅਸੀਂ ਨਦੀਨ-ਨਾਸ਼ਕਾਂ ਦਾ ਛਿੜਕਾਅ ਕਰ ਕੇ ਇਸ ਨੂੰ ਵੀ ਖਤਮ ਕਰ ਦਿੱਤਾ ਹੈ ਪਰ ਹੁਣ ਇਸ ਦੀ ਖੇਤੀ ਹੋਣ ਲੱਗ ਗਈ ਹੈ। ਲੋਕ ਇਸ ਸ਼ਾਨਦਾਰ ਗੁਣਾਂ ਪ੍ਰਤੀ ਜਾਗਰੂਕ ਹੋ ਰਹੇ ਹਨ। ਤੰਦਰੁਸਤੀ ਲਈ ਇਸ ਦਾ ਸੇਵਨ ਥੋੜ੍ਹਾ ਜਿਹਾ ਜ਼ਰੂਰ ਕਰਿਆ ਕਰੋ ਕਿਉਂਕਿ ਇਸ ਦੀ ਤਾਸੀਰ ਗਰਮ ਹੁੰਦੀ ਹੈ।

ਪੌਸ਼ਕ ਤੱਤਾਂ ਨਾਲ ਭਰਪੂਰ

ਇਹ ਗਰਮੀ ਰੁੱਤ ਦਾ ਮੇਵਾ ਹੈ, ਜਿਸ 'ਚ ਬਹੁਤ ਸਾਰੇ ਬਿਮਾਰੀਆਂ ਨਾਲ ਲੜਨ ਵਾਲੇ ਪੌਸ਼ਕ ਤੱਤਾਂ ਹੁੰਦੇ ਹਨ। ਇਸ ਦਾ ਵਿਗਿਆਨਕ ਨਾਂ ਮੇਲੋਥ੍ਰੀਆ ਸਕਾਬਰਾ ਹੈ। ਅੰਗਰੇਜ਼ੀ 'ਚ ਇਸਨੂੰ ਕੁਕਮੇਲਨ ਆਖਦੇ ਹਨ। ਇਹ ਕੱਦੂ ਜਾਤੀ ਨਾਲ ਸਬੰਧ ਰੱਖਦਾ ਹੈ। ਵਿਟਾਮਿਨਾਂ ਤੇ ਖਣਿਜਾਂ ਨਾਲ ਭਰਪੂਰ ਹੋਣ ਕਾਰਨ ਇਸ ਨੂੰ ਤੰਦਰੁਸਤੀ ਵਾਲਾ ਭੋਜਨ (ਸੁਪਰਫੂਡ) ਕਿਹਾ ਜਾਂਦਾ ਹੈ। ਇਸ 'ਚ ਵਿਟਾਮਿਨ-ਸੀ, ਈ, ਕੇ ਪੋਟਾਸ਼ੀਅਮ ਤੇ ਬਹੁਤ ਸਾਰਾ ਫਾਈਬਰ ਹੁੰਦਾ ਹੈ। ਮੈਗਨੀਸ਼ੀਅਮ, ਕੈਲਸ਼ੀਅਮ 'ਤੇ ਮੈਗਨੀਜ਼ ਵੀ ਹੁੰਦਾ ਹੈ। ਇਸ ਵਿਚਲਾ ਵਿਟਾਮਿਨ ਸੀ ਲਹੂ ਦੇ ਚਿੱਟੇ ਕਣਾਂ ਨੂੰ ਬਣਾਉਣ 'ਚ ਸਹਾਇਤਾ ਕਰਦਾ ਹੈ। ਵਿਟਾਮਿਨ-ਕੇ ਲਹੂ ਦਾ ਥੱਕਾ ਜੰਮਣ ਤੋਂ ਬਚਾਉਣ, ਹੱਡੀਆਂ ਮਜ਼ਬੂਤ ਕਰਨ ਤੇ ਹੱਡੀਆਂ ਭੁਰਨ ਵਰਗੀਆਂ ਬਿਮਾਰੀਆਂ ਦੇ ਇਲਾਜ ਲਈ ਬਹੁਤ ਲਾਹੇਵੰਦ ਹੈ।



ਕਿੰਨੂ ਦੇ ਬਾਗਾਂ ਦਾ ਉਜਾੜਾ ਰੋਕਣ ਲਈ ਸਰਕਾਰੀ ਪਹਿਲਕਦਮੀ ਦੀ ਲੋੜ

ਅਮਰੀਕਾ 'ਚ ਕੈਲੇਫੋਰਨੀਆ ਦੇ ਰਿਵਰਸਾਈਡ ਵਿਖੇ ਕਿੰਗ ਤੇ ਵਿੱਲੋ ਨਾਰੰਗੀਆਂ ਨੂੰ ਕਰਾਸ ਕਰਕੇ ਵਿਕਸਿਤ ਕੀਤਾ ਗਿਆ ਅਤੇ ਭਾਰਤ ਦੀ ਵੰਡ ਤੋਂ ਪਹਿਲਾਂ ਸਾਲ 1935 'ਚ ਪੰਜਾਬ (ਪਾਕਿਸਤਾਨ) ਦੇ ਇਲਾਕੇ 'ਚ ਕਾਸ਼ਤ ਕਰਨ ਲਈ ਜਾਰੀ ਕੀਤਾ ਗਿਆ ਹਾਈਬ੍ਰਿਡ ਕਿੰਨੂ ਫਲ ਅੱਜ ਪੰਜਾਬ ਦਾ ਰਾਜਾ ਫਲ ਮੰਨਿਆ ਜਾਂਦਾ ਹੈ। ਇਸ ਦੀ ਕਾਸ਼ਤ ਤੇ ਪੈਦਾਵਾਰ ਫਲਾਂ ਥੱਲ੍ਹੇ ਕੁੱਲ ਰਕਬੇ ਦੇ ਤਕਰੀਬਨ 65 ਪ੍ਰਤੀਸ਼ਤ ਰਕਬੇ 'ਤੇ ਕੀਤੀ ਗਈ ਹੈ ਅਤੇ ਰਾਜਸਥਾਨ ਦੇ ਗੰਗਾਨਗਰ ਆਦਿ ਇਲਾਕਿਆਂ 'ਚ ਵੀ ਇਹ ਫਲ 'ਸੁਨਹਿਰੇ ਇਲਕਲਾਬ' ਦਾ ਚਿੰਨ੍ਹ ਬਣਿਆ ਹੋਇਆ ਹੈ। ਦਸੰਬਰ ਤੋਂ ਮਾਰਚ ਤੱਕ ਪੰਜਾਬ 'ਚ ਫਲਾਂ ਦੀਆਂ ਦੁਕਾਨਾਂ ਅਤੇ ਫੇਰੀ ਦੀਆਂ ਰੇਹੜੀਆਂ ਇਸ ਫਲ ਨਾਲ ਸਜੀਆਂ ਹੋਈਆਂ ਦਿਖਾਈ ਦਿੰਦੀਆਂ ਹਨ। ਮੁੱਖ ਤੌਰ 'ਤੇ ਇਹ ਬਠਿੰਡਾ, ਮੁਕਤਸਰ, ਫਾਜ਼ਿਲਕਾ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ 'ਚ ਫਲਾਂ ਦੇ ਕਾਸ਼ਤ-ਅਧੀਨ ਰਕਬੇ 'ਤੇ ਇਹ ਪ੍ਰਧਾਨ ਫਲ ਵਜੋਂ ਉੱਭਰ ਕੇ ਆਇਆ ਹੈ। ਪੰਜਾਬ ਦਾ ਇਹ ਫਲ ਬੜਾ ਵਧੀਆ ਮੰਨਿਆ ਜਾਂਦਾ ਰਿਹਾ ਅਤੇ ਦੂਜੇ ਰਾਜਾਂ ਨੂੰ ਵੀ ਭੇਜਿਆ ਜਾਂਦਾ ਹੈ। ਇੱਥੋਂ ਤੱਕ ਕਿ ਇਸ ਦਾ ਨਿਰਯਾਤ ਦੂਜੇ ਮੁਲਕਾਂ ਜਿਵੇਂ ਸਿੰਘਾਪੁਰ, ਥਾਈਲੈਂਡ, ਮਲੇਸ਼ੀਆ, ਦੁਬਈ ਆਦਿ 'ਚ ਵੀ ਕੀਤੀ ਗਈ ਹੈ। ਸਮੱਸਿਆ ਇਹ ਆਉਂਦੀ ਰਹੀ ਕਿ ਇਸ ਦੀ ਸ਼ੈਲਫ ਲਾਈਫ ਥੋੜ੍ਹੀ ਹੋਣ ਕਾਰਨ ਨਿਰਯਾਤ ਖੇਤ 'ਚ ਵੱਡੀ ਪੱਧਰ 'ਤੇ ਸਫਲਤਾ ਨਹੀਂ ਮਿਲੀ। ਕਿੰਨੂ ਫਲ ਦਸੰਬਰ ਤੋਂ ਮੱਧ-ਮਾਰਚ ਦਰਮਿਆਨ ਪੂਰਾ ਪੱਕ ਕੇ ਤਿਆਰ ਮਿਲਦਾ ਹੈ। ਪ੍ਰੰਤੂ ਠੇਕੇਦਾਰ ਪ੍ਰਣਾਲੀ ਪ੍ਰਧਾਨ ਹੋਣ ਕਾਰਨ ਉਹ ਇਸ ਨੂੰ ਨਵੰਬਰ 'ਚ ਹੀ ਤੋੜ ਕੇ ਵਿਕਰੀ ਕਰਨ ਲਈ ਸ਼ਹਿਰਾਂ 'ਚ ਲੈ ਆਉਂਦੇ ਹਨ। ਉਦੋਂ ਇਹ ਖੱਟਾ ਹੁੰਦਾ ਹੈ ਅਤੇ ਖਪਤਕਾਰਾਂ ਦੀ ਪਸੰਦ ਨਹੀਂ ਹੁੰਦਾ। ਕਿੰਨੂ ਕੈਂਸਰ ਜਿਹੀਆਂ ਬਿਮਾਰੀਆਂ 'ਚ ਲਾਭਦਾਇਕ, ਵਿਟਾਮਿਨ 'ਸੀ' ਨਾਲ ਭਰਪੂਰ (15-20 ਮਿਲੀਗ੍ਰਾਮ) ਅਤੇ ਇਸ 'ਚ ਹੋਰ ਖੁਰਾਕੀ ਤੱਤ ਹੋਣ ਕਾਰਨ ਬਿਮਾਰੀ-ਰੋਧਕ ਕਿੰਨੂ ਨੂੰ ਆਪਣੇ ਆਪ ਹੀ ਡਾਕਟਰ ਸਮਝਿਆ ਜਾਂਦਾ ਹੈ (ਕਿਉਂਕਿ ਇਹ ਬਿਮਾਰੀਆਂ ਤੋਂ ਨਿਜਾਤ ਦਵਾਉਂਦਾ ਹੈ)। ਕਿੰਨੂ ਫਲ ਸਿਟਰਸ ਦੇ ਖਪਤਕਾਰਾਂ ਦੀ ਬਹੁਮਤ ਦੀ ਪਸੰਦ ਹੈ। ਇਸ 'ਚ ਮੌਸੰਮੀ, ਸਤਰੇ ਨਾਲੋਂ ਜੂਸ ਵੀ ਜ਼ਿਆਦਾ ਨਿਕਲਦਾ ਹੈ। ਇਸ ਦਾ ਜੂਸ ਪੈਂਦਾ ਵੀ ਸਸਤਾ ਹੈ। ਇਸ 'ਚ 900 ਆਈ.ਯੂ. ਵਿਟਾਮਿਨ ਵੀ ਹੈ ਜੋ ਦੂਜੇ ਨਿੰਬੂ ਜਾਤੀ ਦੇ ਫਲਾਂ ਨਾਲੋਂ ਜ਼ਿਆਦਾ ਹੈ। ਕਿੰਨੂ ਫਲ 'ਚ ਦੂਜੇ ਫਲਾਂ ਦੇ ਮੁਕਾਬਲੇ ਢਾਈ ਗੁਣਾ ਕੈਲਸ਼ੀਅਮ ਜ਼ਿਆਦਾ ਹੋਣ ਕਾਰਨ ਇਸ ਦੀ ਖਪਤ ਹੱਡੀਆਂ ਨੂੰ ਮਜ਼ਬੂਤ ਕਰਨ 'ਚ ਸਹਾਈ ਹੁੰਦੀ ਹੈ। ਇਸ ਦੇ ਛਿਲਕੇ 'ਚ ਵੀ 60-80 ਪੀ. ਪੀ. ਐਮ ਲੈਮੋਨੀਨ ਮੌਜੂਦ ਹੈ। ਅਮਰੀਕਾ 'ਚ ਕੀਤੀ ਗਈ ਇਕ ਖੋਜ ਅਨੁਸਾਰ ਪਤਾ ਲਗਦਾ ਹੈ ਕਿ ਲੈਮੋਨੀਨ 6 ਕਿਸਮ ਦੇ ਕੈਂਸਰ-ਵਿਰੋਧੀ ਐੱਚ. ਆਈ. ਵੀ. ਅਤੇ ਕੋਲੈਸਟਰੋਲ ਘਟਾਉਣ ਵਾਲੇ ਗੁਣਾ ਨਾਲ ਭਰਪੂਰ ਹੈ। ਇਸ 'ਚ 0.02 ਤੋਂ 0.03 ਪ੍ਰਤੀਸ਼ਤ ਕੈਪਟੀਨ ਵੀ ਪਾਈ ਜਾਂਦੀ ਹੈ ਜੋ ਕੈਂਸਰ-ਵਿਰੋਧੀ ਹੈ ਅਤੇ ਕੋਲੈਸਟਰੋਲ ਘਟਾਉਣ 'ਚ ਸਹਾਈ ਹੁੰਦੀ ਹੈ। ਕਿੰਨੂ 'ਚ ਐਂਟੀ-ਆਕਸੀਡੈਂਟ ਵੀ ਕਾਫੀ ਮਾਤਰਾ 'ਚ ਹੈ।

ਪ੍ਰੰਤੂ ਹੁਣ ਕਿੰਨੂ ਦੇ ਬਾਗ ਜਵਾਲ 'ਤੇ ਹਨ। ਇਨ੍ਹਾਂ ਨੂੰ ਪੁੱਟਿਆ ਜਾ ਰਿਹਾ ਹੈ। ਬਠਿੰਡਾ ਜ਼ਿਲ੍ਹੇ ਦਾ ਵਿਰਕ ਖੁਰਦ ਪਿੰਡ ਦਾ ਅਗਾਂਹਵਧੂ ਕਿਸਾਨ ਬਲਜੀਤ ਸਿੰਘ ਕਹਿੰਦਾ ਹੈ ਕਿ ਉਸ ਦੇ ਪਿੰਡ 'ਚ 1400 ਏਕੜ ਜ਼ਮੀਨ 'ਚੋਂ 132 ਏਕੜ 'ਤੇ ਕਿੰਨੂ ਲੱਗਿਆ ਹੋਇਆ ਸੀ, ਜੋ ਹੁਣ 36 ਏਕੜ ਰਹਿ ਗਿਆ ਹੈ। ਬਾਗਬਾਨਾਂ ਨੇ ਕਿੰਨੂ ਪੁਟ ਕੇ ਹੋਰ ਫਸਲਾਂ ਲਗਾ ਲਈਆਂ ਹਨ। ਕਾਫੀ ਬਾਗ ਪਿਛਲੇ ਇਕ-ਦੋ ਸਾਲਾਂ ਦੌਰਾਨ ਹੀ ਪੁੱਟੇ ਗਏ ਹਨ। ਇਹੋ ਹਾਲ ਉਸ ਦੇ ਨਾਲ ਲਗਦੇ ਹੋਰ ਕਿੰਨੂ ਪੈਦਾ ਕਰਨ ਵਾਲੇ ਪਿੰਡਾਂ 'ਚ ਹੈ, ਉੱਥੇ ਵੀ ਬਾਗ ਪੁੱਟੇ ਜਾ ਰਹੇ ਹਨ। ਉਹ ਕਹਿੰਦਾ ਹੈ ਕਿ ਇਸ ਸਾਲ ਇਹ ਰੁਚੀ ਬਾਗਬਾਨਾਂ 'ਚ ਹੋਰ ਵੀ ਵਧ ਗਈ ਹੈ। ਇਸ ਵਾਰ ਤਾਂ ਫਲ ਹੀ ਬਹੁਤ ਘੱਟ ਲੱਗਿਆ ਸੀ ਅਤੇ ਹੁਣ ਨਵੇਂ ਸਾਲ (2024) ਲਈ ਵੀ ਬੂਟਿਆਂ 'ਤੇ ਬਹੁਤ ਘੱਟ ਫਲ ਲੱਗਿਆ ਹੈ। ਫਿਰ ਮੰਡੀਕਰਨ ਵੀ ਕੋਈ ਲਾਹੇਵੰਦ ਨਹੀਂ ਹੋਇਆ। ਕਿੰਨੂ ਉਤਪਾਦਕ ਮਾਯੂਸ ਹਨ। ਪੁਰਾਣੇ 15-18 ਸਾਲ ਦੇ ਲੱਗੇ ਹੋਏ ਬਾਗ ਵੀ ਪੁੱਟੇ ਜਾ ਰਹੇ ਹਨ। ਕਿੰਨੂ ਦਾ ਬੂਟਾ ਫਲ ਬਹੁਤ ਦਿੰਦਾ ਹੈ। ਤਕਰੀਬਨ 400-500 ਕਿੰਨੂ ਚਾਰ ਸਾਲ ਦੇ ਬੂਟੇ 'ਤੇ ਲੱਗੇ ਹੋਏ ਵੇਖੇ ਜਾ ਸਕਦੇ ਹਨ। ਬਹੁਤੇ ਉਤਪਾਦਕ ਫਲ ਦੋ ਸਾਲ ਬਾਅਦ ਹੀ ਤੋੜ ਲੈਂਦੇ ਹਨ, ਜਿਸ ਕਰਕੇ ਬੂਟਿਆਂ ਦੀ ਉਮਰ ਘਟ ਜਾਂਦੀ ਹੈ। ਕਿੰਨੂਆਂ ਦੇ ਬਾਗ ਦੀ ਮੈਨਟੇਨੈਂਸ 'ਤੇ 30000-35000 ਰੁਪਏ ਪ੍ਰਤੀ ਏਕੜ ਦੇ ਕਰੀਬ ਖਰਚਾ ਆਉਂਦਾ ਹੈ। ਇਸ 'ਚ ਬਾਗਬਾਨ ਦੀ ਆਪ ਜਾਂ ਉਸ ਦੇ ਟੱਬਰ ਵਲੋਂ ਕੀਤੀ ਗਈ ਮਜ਼ਦੂਰੀ ਸ਼ਾਮਿਲ ਨਹੀਂ। ਇਸ ਸਾਲ ਤਾਂ ਇਹ ਹਾਲ ਹੈ ਕਿ ਠੇਕੇਦਾਰ ਬਾਗ ਛੱਡ ਕੇ ਭੱਜ ਗਏ ਜਾਂ ਫਿਰ ਉਨ੍ਹਾਂ ਨੇ ਦੁਬਾਰਾ ਠੇਕਾ ਘਟਾ ਕੇ ਮਾਲਕ ਨਾਲ ਨਵਾਂ ਠੇਕਾ ਤੈਅ ਕਰ ਲਿਆ। ਬਾਗਬਾਨਾਂ ਦੀ ਬਹੁਮਤ ਨੂੰ ਠੇਕੇ ਦੀ ਪੂਰੀ ਰਕਮ ਵਸੂਲ ਨਹੀਂ ਹੋਈ। ਕਈਂ ਬਾਗਬਾਨ ਇਸ ਸਾਲ ਹੁਣ ਆਪਣੇ ਨਵੇਂ ਬਾਗ ਪੁੱਟਣ ਨੂੰ ਤਿਆਰ ਹੋ ਗਏ ਹਨ। ਉਹ ਝੋਨਾ ਤੇ ਬਾਸਮਤੀ ਲਗਾਉਣ ਦੀ ਯੋਜਨਾ ਬਣਾਈ ਬੈਠੇ ਹਨ, ਜਿਸ ਤੋਂ ਉਨ੍ਹਾਂ ਨੂੰ ਮੁਨਾਫਾ ਵਧੇਰੇ ਮਿਲਦਾ ਹੈ। ਜਿਨ੍ਹਾਂ ਪਿੰਡਾਂ 'ਚ ਤਿੰਨ ਮਾਰਚ ਨੂੰ ਗੜੇਮਾਰੀ ਹੋਈ, ਉਨ੍ਹਾਂ ਦਾ ਤਾਂ ਨੁਕਸਾਨ ਹੀ ਬਹੁਤ ਹੋਇਆ ਪਰ ਸਰਕਾਰ ਵਲੋਂ ਅਜੇ ਤੱਕ ਉਨ੍ਹਾਂ ਨੂੰ ਕੋਈ ਮੁਆਵਜ਼ਾ ਨਹੀਂ ਮਿਲਿਆ। ਮਾਲ ਮਹਿਕਮੇ ਵਲੋਂ ਗਿਰਦਾਵਰੀ ਜ਼ਰੂਰ ਕਰ ਲਈ ਗਈ ਹੈ।



ਭਗਵਾਨ ਦਾਸ


ਬਾਗਬਾਨੀ ਵਿਭਾਗ ਦੇ ਡਾਇਰੈਕਟਰ ਡਾ. ਸ਼ੈਲਿੰਦਰ ਕੌਰ ਕਹਿੰਦੇ ਹਨ ਕਿ ਕਿੰਨੂ ਫਲ ਗੁਣਾਂ ਦੀ ਗੁਥਲੀ ਹੈ ਅਤੇ ਪੰਜਾਬ ਦਾ ਮਾਣ ਹੈ। ਇਸ ਨੂੰ ਕਾਇਮ ਰੱਖਣ ਅਤੇ ਵਧਾਉਣ ਲਈ ਹਰ ਉਪਰਾਲਾ ਕੀਤਾ ਜਾ ਰਿਹਾ ਹੈ। ਉਹ ਕਹਿੰਦੇ ਹਨ ਕਿ ਕਿੰਨੂ ਦੀ ਫਸਲ ਇਕ ਸਾਲ ਭਰਪੂਰ ਫਲ ਦਿੰਦੀ ਹੈ ਅਤੇ ਦੂਜੇ ਸਾਲ ਕਮਜ਼ੋਰ ਹੁੰਦੀ ਹੈ। ਉਹ ਕਹਿੰਦੇ ਹਨ ਕਿ ਉਤਪਾਦਕਾਂ ਨੂੰ ਮਾਯੂਸ ਹੋ ਕੇ ਕਿੰਨੂ ਦੇ ਬਾਗ ਨਹੀਂ ਪੁੱਟਣੇ ਚਾਹੀਦੇ। ਨੈਸ਼ਨਲ ਬਾਗਬਾਨੀ ਮਿਸ਼ਨ ਥੱਲੇ ਬਾਗਬਾਨੀ ਵਿਭਾਗ ਵਲੋਂ ਨਵੇਂ ਬਾਗ ਲਗਾਉਣ ਲਈ ਕਿਸਾਨਾਂ ਨੂੰ ਸਹਾਇਤਾ ਦਿੱਤੀ ਜਾਂਦੀ ਹੈ। ਉਲ੍ਹਾਂ ਦੇ ਅਨੁਸਾਰ ਕਿੰਨੂਆਂ ਦੇ ਨਵੇਂ ਬਾਗ ਲਗਾਉਣ ਲਈ ਲਾਗਤ ਜ਼ਰੂਰ ਜ਼ਿਆਦਾ ਆਉਂਦੀ ਹੈ, ਜਿਸ ਲਈ ਬੈਂਕ ਵੀ ਕਰਜ਼ੇ ਦੀਆਂ ਸਹੂਲਤਾਂ ਮੁਹੱਈਆ ਕਰਦੇ ਹਨ। ਬਾਗਬਾਨੀ ਵਿਭਾਗ ਦੇ ਸੇਵਾ ਮੁਕਤ ਡਿਪਟੀ ਡਾਇਰੈਕਟਰ ਡਾ. ਸਵਰਨ ਸਿੰਘ ਮਾਨ ਖਪਤਕਾਰਾਂ ਨੂੰ ਸੀਜ਼ਨ ਦੌਰਾਨ ਦਸੰਬਰ ਤੋਂ ਅੱਧ ਮਾਰਚ ਤੱਕ ਇਸ ਫਲ ਦੀ ਖੁਲ੍ਹੀ ਵਰਤੋਂ ਕਰਨ ਦੀ ਸਲਾਹ ਦਿੰਦੇ ਹਨ। ਬਾਕੀ ਸਮੇਂ ਦੌਰਾਨ ਡੱਬਾ ਬੰਦ ਜੂਸ ਦੀ ਵਰਤੋਂ ਕੀਤੀ ਜਾ ਸਕਦੀ ਹੈ। ਨਵੇਂ ਬਾਗ ਲਗਾਉਣ 'ਚ ਸਹੀ ਕਿਸਮ ਦੇ ਕਿੰਨੂਆਂ ਦੇ ਬੂਟਿਆਂ ਦੀ ਬੜੀ ਅਹਿਮੀਅਤ ਹੈ। ਇਹ ਬੂਟੇ ਬਿਮਾਰੀ-ਰਹਿਤ ਤੇ ਸਿਹਤਯਾਬ ਹੋਣੇ ਚਾਹੀਦੇ ਹਨ ਤਾਂ ਕਿ ਉਮਰ ਦੇ ਨਾਲ ਇਹ ਉਤਪਾਦਕਾਂ ਨੂੰ ਚੰਗਾ ਫਲ ਤੇ ਮੁਨਾਫਾ ਦੇਣ। ਬਾਗ ਅਗਸਤ-ਸਤੰਬਰ ਦੇ ਮਹੀਨਿਆਂ 'ਚ ਲਗਾਉਣਾ ਜ਼ਿਆਦਾ ਅਨੁਕੂਲ ਹੋਵੇਗਾ। ਜੋ ਬੂਟੇ ਬਹਾਰ ਰੁੱਤ 'ਚ ਲਗਾਏ ਜਾਂਦੇ ਹਨ, ਉਨ੍ਹਾਂ ਦੇ ਮਈ-ਜੂਨ 'ਚ ਪੈਣ ਵਾਲੀ ਗਰਮੀ ਨਾਲ ਮਰ ਜਾਣ ਦਾ ਇਮਕਾਨ ਹੈ। ਕਿੰਨੂ ਦੇ ਬੂਟਿਆਂ ਨੂੰ ਵਧੀਆਂ ਸਿੰਜਾਈ ਦੀ ਲੋੜ ਹੈ। ਅੱਜ-ਕੱਲ੍ਹ ਸਿੰਜਾਈ ਲੋੜੀਂਦੀ ਹੈ। ਪਰ ਸਿੰਜਾਈ ਲਈ ਪਾਣੀ ਉਪਲੱਬਧ ਨਹੀਂ ਹੁੰਦਾ ਹੈ। ਕਿੰਨੂ ਫਲ ਦੀ ਫਸਲੀ-ਵਿਭਿੰਨਤਾ 'ਚ ਅਹਿਮ ਭੂਮਿਕਾ ਹੋਣ ਕਾਰਨ ਸਰਕਾਰ ਨੂੰ ਨਹਿਰੀ ਪਾਣੀ ਅਤੇ ਟਿਊਬਵੈੱਲਾਂ ਲਈ ਬਿਜਲੀ ਯੋਗ ਸਮੇਂ ਕਿੰਨੂ ਉਤਪਾਦਨ ਇਲਾਕਿਆਂ 'ਚ ਉਪਲੱਬਧ ਕਰਨੀ ਚਾਹੀਦੀ ਹੈ।

ਬਹਾਰ ਰੁੱਤ ਦੀ ਮੱਕੀ ਦੇ ਕੀੜੇ-ਮਕੌੜੇ ਅਤੇ ਬਿਮਾਰੀਆਂ ਦੀ ਸਰਵਪੱਖੀ ਰੋਕਥਾਮ

ਕਣਕ, ਝੋਨੇ ਦੇ ਫਸਲੀ ਚੱਕਰ ਤੋਂ ਇਲਾਵਾ ਪੰਜਾਬ ਵਿਚ ਹੁਸ਼ਿਆਰਪੁਰ, ਕਪੂਰਥਲਾ, ਸ਼ਹੀਦ ਭਗਤ ਸਿੰਘ ਨਗਰ, ਜਲੰਧਰ, ਰੋਪੜ ਅਤੇ ਗੁਰਦਾਸਪੁਰ ਆਦਿ ਇਲਾਕਿਆਂ ਵਿੱਚ ਬਹਾਰ ਰੁੱਤ ਦੀ ਮੱਕੀ ਵੀ ਕਾਫੀ ਲਗਾਈ ਜਾ ਰਹੀ ਹੈ। ਮੱਕੀ ਉੱਤੇ ਬਹੁਤ ਸਾਰੇ ਕੀੜੇ ਅਤੇ ਬਿਮਾਰੀਆਂ ਦਾ ਹਮਲਾ ਹੁੰਦਾ ਹੈ, ਇਸ ਲਈ ਇਹਨਾਂ ਦੀ ਸੁਚੱਜੀ ਰੋਕਥਾਮ ਬਹੁਤ ਮਹੱਤਵਪੂਰਨ ਹੈ।

ਕੀੜੇ-ਮਕੌੜੇ

ਸੈਨਿਕ ਸੁੰਡੀ ਅਤੇ ਛੱਲੀਆਂ ਦਾ ਸੂਤ ਕੁਤਰੂ : ਇਹ ਸੁੰਡੀ ਗੋਭ ਦੇ ਨਰਮ ਪੱਤੇ ਖਾਂਦੀ ਹੈ ਜਾਂ ਸਾਰਾ ਪੱਤਾ ਵਿਚਕਾਰਲੀ ਨਾੜ ਸਮੇਤ ਖਾ ਜਾਂਦੀ ਹੈ। ਸੂਤ ਕੁਤਰਣ ਵਾਲੀ ਸੁੰਡੀ ਛੱਲੀ ਦੇ ਵਾਲਾਂ ਨੂੰ ਖਾਂਦੀ ਹੈ ਅਤੇ ਬਾਅਦ ਵਿਚ ਕਈ ਵਾਰ ਛੱਲੀਆਂ ਅੰਦਰ ਪੱਕ ਰਹੇ ਕੁਝ ਦਾਣਿਆਂ ਦਾ ਨੁਕਸਾਨ ਕਰ ਸਕਦੀ ਹੈ। ਇਸ ਤੋਂ ਬਚਾਅ ਲਈ ਬਹਾਰ ਰੁੱਤ ਦੀ ਫਸਲ ਨੂੰ ਸਮੇਂ ਸਿਰ ਬੀਜੇ ਤੇ



ਸੁੰਡੀਆਂ ਨੂੰ ਇਕੱਠੇ ਕਰਕੇ ਨਸ਼ਟ ਕਰ ਦਿਓ।

ਫਾਲ ਆਰਮੀਵਰਮ : ਇਸ ਕੀੜੇ ਦੀਆਂ ਛੋਟੀਆਂ ਸੁੰਡੀਆਂ ਪੱਤਿਆਂ ਨੂੰ ਖੁਰਚ ਕੇ ਖਾਂਦੀਆਂ ਹਨ ਅਤੇ ਵੱਡੀਆਂ ਸੁੰਡੀਆਂ ਗੋਭ ਦੇ ਪੱਤੇ ਵਿਚ ਗੋਲ ਤੋਂ ਅੰਡਾਕਾਰ ਮੋਰੀਆਂ ਬਣਾਉਂਦੀਆਂ ਹਨ। ਸੁੰਡੀਆਂ ਗੋਭ ਨੂੰ ਪੂਰੀ ਤਰ੍ਹਾਂ ਖਾ ਕੇ ਭਾਰੀ ਮਾਤਰਾ ਵਿਚ ਵਿੱਠਾਂ ਕਰਦੀਆਂ ਹਨ। ਇਸ ਸੁੰਡੀ ਦੀ ਪਛਾਣ ਇਸਦੇ ਸਿਰ ਵਾਲੇ ਪਾਸੇ ਚਿੱਟੇ ਰੰਗ ਦੇ ਅੰਗਰੇਜ਼ੀ ਦੇ ਅੱਖਰ 'Y' ਦੇ ਉਲਟੇ ਨਿਸ਼ਾਨ ਅਤੇ ਪਿਛਲੇ ਸਿਰ ਦੇ ਲਾਗੇ ਚੌਰਸਾਕਾਰ ਚਾਰ ਬਿੰਦੂਆਂ ਤੋਂ ਹੁੰਦੀ ਹੈ। ਇਸ ਦੀ ਰੋਕਥਾਮ ਲਈ 0.4 ਮਿਲੀਲਿਟਰ ਕੋਰਾਜਨ 18.5 ਐੱਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 0.5 ਮਿਲੀਲਿਟਰ ਡੈਲੀਗੇਟ 11.7 ਐੱਸ ਸੀ (ਸਪਾਈਨਟੋਰਮ) ਜਾਂ 0.4 ਗ੍ਰਾਮ ਮਿਜ਼ਾਈਲ 5 ਐੱਸ ਜੀ (ਐਮਾਮੈਕਟਿਨ ਬੈਂਜੋਏਟ) ਪ੍ਰਤੀ ਲਿਟਰ ਪਾਣੀ 'ਚ ਘੋਲ ਕੇ ਛਿੜਕਾਅ ਕਰੋ। ਕੀੜੇ ਦੀ ਕਾਰਗਰ ਰੋਕਥਾਮ ਲਈ ਛਿੜਕਾਅ ਮੱਕੀ ਦੀ ਗੋਭ ਵੱਲ ਨੂੰ ਕਰੋ। ਜੇ ਹਮਲਾ ਥੋੜੀਆਂ ਵਿਚ ਹੋਵੇ ਜਾਂ ਫਸਲ 40 ਦਿਨਾਂ ਤੋਂ ਵੱਡੀ ਹੋਵੇ ਤਾਂ ਮਿੱਟੀ ਅਤੇ ਕੀਟਨਾਸ਼ਕ ਦੇ ਮਿਸ਼ਰਣ (ਲਗਭਗ ਅੱਧਾ ਗ੍ਰਾਮ) ਨੂੰ ਹਮਲੇ ਵਾਲੀਆਂ ਗੋਭਾਂ ਵਿਚ ਪਾਉ। ਮਿਸ਼ਰਣ ਬਣਾਉਣ ਲਈ 5 ਮਿਲੀਲਿਟਰ ਕੋਰਾਜਨ 18.5 ਐੱਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ ਡੈਲੀਗੇਟ 11.7 ਐੱਸ ਸੀ (ਸਪਾਈਨਟੋਰਮ) ਜਾਂ 5 ਗ੍ਰਾਮ ਮਿਜ਼ਾਈਲ 5 ਐੱਸ ਜੀ (ਐਮਾਮੈਕਟਿਨ ਬੈਂਜੋਏਟ) ਨੂੰ 10 ਮਿਲੀਲਿਟਰ ਪਾਣੀ 'ਚ ਘੋਲ ਕੇ ਇੱਕ ਕਿਲੋ ਮਿੱਟੀ ਵਿਚ ਚੰਗੀ ਤਰ੍ਹਾਂ ਮਿਲਾਓ।

ਬਿਮਾਰੀਆਂ

ਪਛੇਤਾ ਮੁਰਝਾਉਣਾ : ਟਾਂਡੇ ਸੁੱਕਣ ਦੇ ਨਤੀਜੇ ਵਜੋਂ ਬਾਬੂ ਝੰਡੇ ਨਿਕਲਣ ਤੋਂ ਬਾਅਦ ਪੌਦਾ ਮੁਰਝਾਅ ਜਾਂਦਾ ਹੈ ਅਤੇ ਉਸਦੇ ਬਾਅਦ ਤਣਾ ਕਮ ਜ਼ੋਰ ਹੋ ਜਾਂਦਾ ਹੈ। ਬਾਬੂ ਝੰਡੇ ਆਉਣ ਦੇ ਸਮੇਂ ਪਾਣੀ ਦੇ ਸੋਕੇ ਨਾਲ ਇਸ ਬਿਮਾਰੀ ਵਿਚ ਵਾਧਾ ਹੁੰਦਾ ਹੈ। ਇਸ ਦੀ ਰੋਕਥਾਮ ਲਈ ਸਿਫਾਰਿਸ਼ ਕੀਤੀਆਂ ਕਿਸਮਾਂ ਬੀਜੋ। ਉਪਰੋਕਤ ਢੰਗਾਂ ਨਾਲ ਮੱਕੀ ਦੇ ਕੀੜੇ ਅਤੇ ਬਿਮਾਰੀਆਂ ਦੀ ਸੁਚੱਜੀ ਰੋਕਥਾਮ ਵੀ ਕੀਤੀ ਜਾ ਸਕਦੀ ਹੈ ਅਤੇ ਨਾਲ ਹੀ ਹੋਣ ਵਾਲੇ ਆਰਥਿਕ ਨੁਕਸਾਨ ਤੋਂ ਵੀ ਬਚਾਇਆ ਜਾ ਸਕਦਾ ਹੈ।

ਸੁਮਨ ਕੁਮਾਰੀ, ਪ੍ਰਭਜੋਤ ਕੌਰ ਅਤੇ ਹਰਿੰਦਰ ਸਿੰਘ, ਕ੍ਰਿਸ਼ੀ ਵਿਗਿਆਨ ਕੇਂਦਰ
(ਮੋ. 94781-38525)

RNI/42269/83



ਡਾ. ਸਵਰਨ ਸਿੰਘ ਮਾਨ,
ਉਪ ਡਾਇਰੈਕਟਰ ਬਾਗਬਾਨੀ
(ਰਿਟਾਇਰਡ) ਪਟਿਆਲਾ ।
ਮੋ : 75080-18903



ਵਰਮੀਕੰਪੋਸਟ ਖਾਦ ਸਬੰਧੀ ਜ਼ਰੂਰੀ ਜਾਣਕਾਰੀ

ਰਡਿੰਏ ਗੋਹਾ, ਗਲ੍ਹੇ ਸੜ੍ਹੇ ਪੱਤੇ ਅਤੇ ਹੋਰ ਫਸਲਾਂ ਦੀ ਰਹਿੰਦ-ਖੂੰਹਦ ਖਾ ਕੇ ਜੋ ਮਲ ਤਿਆਗ ਕਰਦੇ ਹਨ, ਉਸ ਨੂੰ ਰਡਿੰਏਆਂ ਦੀ ਖਾਦ ਕਿਹਾ ਜਾਂਦਾ ਹੈ । ਇਹ ਖਾਦ ਹਰ ਤਰ੍ਹਾਂ ਦੀ ਫਸਲ, ਸਬਜ਼ੀਆਂ, ਫਲ, ਫੁੱਲ ਆਦਿ ਲਈ ਵਰਤੀ ਜਾ ਸਕਦੀ ਹੈ । ਇਹ ਬੂਟਿਆਂ ਵਿਚ ਪ੍ਰਤੀ ਰੋਧਕ ਸ਼ਕਤੀ ਅਤੇ ਜ਼ਮੀਨ ਵਿਚ ਜੈਵਿਕ ਮਾਦਾ ਵੀ ਵਧਾਉਂਦੀ ਹੈ । ਜਿਸ ਨਾਲ ਬੂਟੇ ਬਿਮਾਰੀਆਂ ਅਤੇ ਕੀੜੇ-ਮਕੌੜੇ ਤੋਂ ਆਪਣਾ ਬਚਾਅ ਕਰ ਸਕਦੇ ਹਨ । ਇਸ ਨਾਲ ਮਿੱਟੀ ਵਿਚ ਪਾਣੀ ਜ਼ਜਬ ਕਰਨ ਦੀ ਸਮਰੱਥਾ ਵਧਦੀ ਹੈ ਜਿਸ ਕਰਕੇ ਸਿੰਚਾਈ ਦੀ ਵੀ ਬੱਚਤ ਹੁੰਦੀ ਹੈ । ਇਸ ਤੋਂ ਬਿਨਾਂ ਨਦੀਨਾਂ ਦੀ ਰੋਕਥਾਮ ਵੀ ਹੁੰਦੀ ਹੈ । ਇਸ ਨਾਲ ਕੱਲਰ ਜ਼ਮੀਨਾਂ ਦੀ ਭੌਤਿਕ ਅਤੇ ਰਸਾਇਣਕ ਸਥਿਤੀ ਵਿਚ ਸੁਧਾਰ ਹੁੰਦਾ ਹੈ । ਵਰਮੀ-ਕੰਪੋਸਟ ਖਾਦ ਵਿਚ ਗੋਬਰ ਦੀ ਖਾਦ ਅਤੇ ਰੂੜੀ ਦੀ ਖਾਦ ਨਾਲੋਂ ਜ਼ਿਆਦਾ ਨਾਈਟ੍ਰੋਜਨ, ਫਾਸਫੋਰਸ ਅਤੇ ਪੋਟਾਸ਼ ਤੱਤ ਵੀ ਜ਼ਿਆਦਾ ਹੁੰਦੇ ਹਨ । ਇਹ ਖਾਦ ਵਾਤਾਵਰਨ ਨੂੰ ਵੀ ਸਾਫ ਰੱਖਣ ਵਿਚ ਸਹਾਈ ਸਿੱਧ ਹੋ ਸਕਦੀ ਹੈ ਅਤੇ ਕਿਸਾਨਾਂ ਦੀ ਆਮਦਨ ਵਿਚ ਟਿਕਾਊ ਖੇਤੀ ਨਾਲ ਵਾਧਾ ਹੋ ਸਕਦੀ ਹੈ । ਇਹ ਖਾਦ ਜ਼ਮੀਨ ਵਿਚ ਪਾਉਣ ਨਾਲ ਖੇਤ ਨੂੰ ਸਿਉਂਕ ਨਹੀਂ ਲੱਗਦੀ ।

ਵਰਮੀਕੰਪੋਸਟ ਖਾਦ ਤਿਆਰ ਕਰਨ ਲਈ ਅਸੀਨਾ ਫੋਇਟਿਡਾ ਨਾਂ ਦੀ ਕਿਸਮ ਦੇ ਰਡਿੰਏ ਦੀ ਵਰਤੋਂ ਕੀਤੀ ਜਾਂਦੀ ਹੈ । ਇਹ ਕਿਸਮ ਜ਼ਮੀਨ ਵਿੱਚ ਕੁਦਰਤੀ ਤੌਰ ਹਨ । ਰਡਿੰਏ 25 ਤੋਂ 30 ਡਿਗਰੀ ਸੈਲਸੀਅਸ ਤਾਪਮਾਨ 'ਤੇ ਵਧੀਆ ਕੰਮ ਕਰਦੇ ਹਨ ਅਤੇ ਇਨ੍ਹਾਂ ਦਾ ਸਹੀ ਤਰ੍ਹਾਂ ਦਾ ਵਾਧਾ ਵੀ ਹੁੰਦਾ ਹੈ । ਜਿਸ ਜਗ੍ਹਾਂ ਉੱਤੇ ਵਰਮੀਕੰਪੋਸਟ ਯੂਨਿਟ ਲਗਾਉਣਾ ਹੋਵੇ ਉਹ ਆਲੇ-ਦੁਆਲੇ ਤੋਂ ਉੱਚਾ ਹੋਣਾ ਚਾਹੀਦਾ ਹੈ ਤਾਂ ਕਿ ਉੱਥੇ ਬਾਰਸ਼ ਦਾ ਪਾਣੀ ਦਾਖਲ ਨਾ ਹੋ ਜਾਵੇ । ਯੂਨਿਟ



'ਤੇ ਪਾਏ ਜਾਣ ਵਾਲੇ ਰਡਿੰਏਆਂ ਤੋਂ ਵੱਖਰੀ ਹੁੰਦੀ ਹੈ । ਰਡਿੰਏਆਂ ਦੀ ਅਸੀਨਾ ਫੋਇਟਿਡਾ ਨਾਂ ਦੀ ਕਿਸਮ ਗੋਹਾ ਜਾਂ ਗਲਣ-ਸੜਨ ਯੋਗ ਮਾਦਾ ਖਾ ਕੇ 45-60 ਦਿਨਾਂ ਵਿਚ ਵਰਮੀਕੰਪੋਸਟ ਖਾਦ ਤਿਆਰ ਕਰ ਦਿੰਦੇ ਲਗਾਉਣ ਵਾਲੀ ਜਗ੍ਹਾਂ ਉੱਤੇ ਪਾਣੀ ਦਾ ਸਾਧਨ ਹੋਣਾ ਜ਼ਰੂਰੀ ਹੈ ਕਿਉਕਿ ਗਰਮੀਆਂ ਵਿਚ ਰਡਿੰਏਆਂ ਦੇ ਸਹੀ ਕੰਮ ਕਰਨ ਲਈ ਬੈੱਡ ਵਿਚ ਨਮੀਂ ਬਣਾ ਕੇ ਰੱਖਣੀ ਪੈਂਦੀ ਹੈ । ਵਰਮੀ-ਕੰਪੋਸਟ ਖਾਦ ਬਣਾਉਣ ਲਈ ਵਰਤਿਆ ਜਾਣ ਵਾਲਾ ਗੋਹਾ 5-6 ਦਿਨ ਪੁਰਾਣਾ ਹੋਣਾ ਚਾਹੀਦਾ ਹੈ ਅਤੇ 2-3 ਦਿਨ ਪਾਣੀ ਪਾ ਕੇ ਠੰਡਾ ਕੀਤਾ ਜਾਣਾ ਚਾਹੀਦਾ ਹੈ ।

ਗਿੱਲ੍ਹੀ ਸਤ੍ਹਾ 'ਤੇ ਅਸੀਨਾ ਫੋਇਟਿਡਾ ਕਿਸਮ ਦੇ 25-30 ਰਡਿੰਏ ਪ੍ਰਤੀ ਵਰਗ ਫੁੱਟ ਦੇ ਹਿਸਾਬ ਨਾਲ ਪਾਉਣੇ ਚਾਹੀਦੇ ਹਨ । 10 ਫੁੱਟ ਲੰਬੀ ਅਤੇ 4 ਫੁੱਟ ਚੌੜੀ ਕਿਆਰੀ ਲਈ ਤਕਰੀਬਨ 1000-1200 ਰਡਿੰਏ ਚਾਹੀਦੇ ਹਨ । ਯੂਨਿਟ ਦੇ ਬੈੱਡਾਂ ਦੀ ਉਪਰਲੀ ਤਹਿ ਨੂੰ ਬੋਰੀਆਂ ਨਾਲ ਢੱਕ ਦੇਣਾ ਚਾਹੀਦਾ ਹੈ ਤਾਂਕਿ ਰਡਿੰਏ ਹਨੇਰੇ ਵਿਚ ਜ਼ਿਆਦਾ ਕੰਮ ਕਰ ਸਕਣ ਅਤੇ ਪੰਛੀ ਇਨ੍ਹਾਂ ਰਡਿੰਏਆਂ ਨੂੰ ਨਾ ਖਾ ਸਕਣ । 45-60 ਦਿਨਾਂ ਬਾਅਦ ਜੋ ਖਾਦ ਤਿਆਰ ਹੁੰਦੀ ਹੈ ਉਹ ਹਲਕੇ ਕਾਲੇ ਰੰਗ ਦੀ ਹੁੰਦੀ ਹੈ ਅਤੇ ਇਸ ਵਿਚ ਕਿਸੇ ਪ੍ਰਕਾਸ਼ ਦੀ ਗੈਸ ਨਹੀਂ ਹੁੰਦੀ ।

ਬਾਗਬਾਨੀ ਵਿਭਾਗ ਪੰਜਾਬ ਵੱਲੋਂ ਕੌਮੀ ਬਾਗਬਾਨੀ ਮਿਸ਼ਨ ਅਧੀਨ 30' × 8' × 2.5' ਸਾਈਜ਼ ਦਾ ਕੰਪੋਸਟ ਯੂਨਿਟ ਬਣਾਉਣ ਲਈ 50% ਸਬਸਿਡੀ 50,000/- ਰੁਪਏ ਦਿੱਤੀ ਜਾਂਦੀ ਹੈ । ਇਸੇ ਤਰ੍ਹਾਂ ਘਰੇਲੂ ਪੱਧਰ ਤੇ ਵਰਮੀਬਿਡ 14' × 4' × 2.5' ਸਾਈਜ਼ ਬਣਾਉਣ ਤੇ 50% ਸਬਸਿਡੀ 8,000/- ਰੁਪਏ ਦਿੱਤੀ ਜਾਂਦੀ ਹੈ । ਇਹ ਸਬਸਿਡੀ ਪ੍ਰਾਪਤ ਕਰਨ ਲਈ ਬਲਾਕ ਪੱਧਰ ਤੇ ਬਾਗਬਾਨੀ ਵਿਕਾਸ ਅਫਸਰ ਜਾਂ ਜ਼ਿਲ੍ਹਾ ਪੱਧਰ ਅਤੇ ਡਿਪਟੀ ਡਾਇਰੈਕਟਰ ਬਾਗਬਾਨੀ ਨਾਲ ਸੰਪਰਕ ਕਰ ਸਕਦੇ ਹੋ ।

ਵੱਖ-ਵੱਖ ਕਿਸਮ ਦੀਆਂ ਫਸਲਾਂ ਲਈ ਅੰਦਾਜ਼ਨ ਹੇਠ ਲਿਖੇ ਅਨੁਸਾਰ ਵਰਮੀ-ਕੰਪੋਸਟ ਖਾਦ ਪਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ । (ਸਾਰਣੀ-1)

ਸਾਰਣੀ-1 : ਵਰਮੀ-ਕੰਪੋਸਟ ਖਾਦ ਪਾਉਣ ਦੀ ਸਿਫਾਰਸ਼

ਲ.ਨੰ.	ਫਸਲੀ ਕਿਸਮ	ਮਾਤਰਾ
1.	ਸਬਜ਼ੀਆਂ	20-30 ਕੁਇੰਟਲ ਪ੍ਰਤੀ ਏਕੜ (ਬਿਜਾਈ ਸਮੇਂ)
2.	ਫਲਦਾਰ ਬੂਟੇ	5 ਕਿਲੋਗ੍ਰਾਮ ਪ੍ਰਤੀ ਬੂਟਾ (ਸਾਲ ਵਿਚ 2 ਵਾਰ)
3.	ਗਮਲੇ ਵਾਲੇ ਬੂਟੇ	250 ਗ੍ਰਾਮ ਤੋਂ 500 ਗ੍ਰਾਮ
4.	ਲਿਫਾਫਿਆਂ ਵਿਚ 5" × 7"	50 ਗ੍ਰਾਮ ਪ੍ਰਤੀ ਥੈਲੀ
5.	ਕਣਕ, ਝੋਨਾ, ਗੰਨਾ	20-30 ਕੁਇੰਟਲ ਪ੍ਰਤੀ ਏਕੜ (ਬਿਜਾਈ ਸਮੇਂ)

ਵਰਮੀ-ਕੰਪੋਸਟ ਖਾਦ ਦੇ ਹੋਰ ਲਾਭ

1. ਰਡਿੰਆ ਖਾਦ ਨਾਲ ਪੌਦਿਆਂ ਨੂੰ ਛੋਟੇ ਤੱਤ ਅਤੇ ਬਹੁਤ ਘੱਟ ਮਾਤਰਾ ਵਿਚ ਲੋੜੀਂਦੇ ਤੱਤ ਵੀ ਮਿਲਣਯੋਗ ਹਾਲਤ ਵਿੱਚ ਉਪਲੱਬਧ ਹੋ ਜਾਂਦੇ ਹਨ ।

2. ਰਡਿੰਆ ਖਾਦ ਭੂਮੀ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਕਰਦੀ ਹੈ ।

3. ਰਡਿੰਆ ਖਾਦ ਚੀਕਣੀ ਮਿੱਟੀ ਵਿੱਚ ਪਾਣੀ ਜੀਰਨ ਦੀ ਸ਼ਕਤੀ ਵਧਾਉਂਦੀ ਹੈ ਅਤੇ ਰੇਤਲੀ ਮਿੱਟੀ ਵਿੱਚ ਪਾਣੀ ਜ਼ਜਬ ਕਰਨ ਦੀ ਸ਼ਕਤੀ ਵਧਾਉਂਦੀ ਹੈ ।

4. ਰਡਿੰਆ ਖਾਦ ਫਸਲਾਂ ਦੀ ਰਹਿੰਦ-ਖੂੰਹਦ, ਰਸੋਈ ਦਾ ਕਚਰਾ, ਸ਼ਹਿਰ ਦਾ ਕੂੜਾ ਕਰਕਟ ਤੇ ਗੋਹਾ ਆਦਿ ਹੋਣ ਕਾਰਨ ਇਹ ਵਾਤਾਵਰਨ ਨੂੰ ਸਾਫ਼ ਰੱਖਣ ਵਿਚ ਸਹਾਈ ਹੁੰਦੇ ਹਨ ।

5. ਗਰਮੀਆਂ ਵਿਚ ਭੂਮੀ ਦੇ ਤਾਪਮਾਨ ਨੂੰ ਠੰਡਾ ਰੱਖਦੀ ਹੈ ਅਤੇ ਸਰਦੀਆਂ ਵਿਚ ਤਾਪਮਾਨ ਨੂੰ ਗਰਮ ਰੱਖਦੀ ਹੈ ।

6. ਰਡਿੰਆ ਖਾਦ ਵਿਚ ਬਹੁਤ ਸਾਰੇ ਐਨਜ਼ਾਈਮਜ਼, ਆਕਸਾਈਨਜ਼ ਅਤੇ ਗਰੋਥ ਹਾਰਮੋਨਜ਼ ਜਿਵੇਂ ਜੀਬਰਲਾਈਨਜ਼ ਵਗੈਰਾ ਹੁੰਦੇ ਹਨ, ਜਿਸ ਨਾਲ ਪੌਦਿਆਂ ਵਿੱਚ ਵਾਧਾ ਹੁੰਦਾ ਹੈ ।

7. ਰਡਿੰਆ ਖਾਦ ਨਾਲ ਭੂਮੀ ਵਿਚ ਹਵਾ ਦੀ ਆਵਾਜਾਈ ਵਧਦੀ ਹੈ, ਜਿਸ ਨਾਲ ਪੌਦਿਆਂ ਦੀਆਂ ਜੜ੍ਹਾਂ ਵਿੱਚ ਵਾਧਾ ਹੁੰਦਾ ਹੈ । ਪੌਦਾ ਸਿਹਤਮੰਦ ਰਹਿੰਦਾ ਹੈ ।

8. ਰਡਿੰਆ ਖਾਦ ਦੀ ਵਰਤੋਂ ਨਾਲ ਰਡਿੰਏਆਂ ਦੀ ਗਿਣਤੀ ਵਿੱਚ ਵਾਧਾ ਹੁੰਦਾ ਹੈ, ਜਿਸ ਨਾਲ ਨੀਮਾਟੋਡ ਦੇ ਹਮਲੇ ਤੋਂ ਵੀ ਫ਼ਸਲਾਂ ਦਾ ਬਚਾਉ ਰਹਿੰਦਾ ਹੈ ।

9. ਵਰਮੀ-ਕੰਪੋਸਟ ਦਾ ਕੰਮ ਬੇਰੁਜ਼ਗਾਰ ਨੌਜਵਾਨ ਲੜਕੇ ਅਤੇ ਲੜਕੀਆਂ ਲਈ ਰੁਜ਼ਗਾਰ ਦਾ ਸਾਧਨ ਵੀ ਬਣ ਸਕਦਾ ਹੈ । ਰਡਿੰਆ ਦੀ ਖਾਦ ਮਾਰਕੀਟ ਵਿੱਚ 5 ਰੁਪਏ ਤੋਂ 10 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਵਿਕ ਰਹੀ ਹੈ ।

ਹੋਰ ਵਧੇਰੇ ਜਾਣਕਾਰੀ ਲਈ ਤੁਸੀਂ ਬਾਗਬਾਨੀ ਵਿਭਾਗ ਪੰਜਾਬ ਦੇ ਬਾਗਬਾਨੀ ਅਧਿਕਾਰੀ ਜਾਂ ਜ਼ਿਲ੍ਹੇ ਦੇ ਕੇ. ਵੀ. ਕੇ. ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਬਾਗਬਾਨੀ ਮਾਹਿਰਾਂ ਨਾਲ ਸੰਪਰਕ ਕਰ ਸਕਦੇ ਹੋ ।



ਕਣਕ ਦੇ ਨਾੜ ਨੂੰ ਅੱਗ ਲਗਾਉਣ ਦੇ ਨੁਕਸਾਨ

- ਜ਼ਮੀਨ ਦੀ ਉਪਜਾਊ ਸ਼ਕਤੀ ਘੱਟਦੀ ਹੈ।
- ਬਹੁਤ ਸਾਰੀਆਂ ਪ੍ਰਜਾਤੀਆਂ ਦੇ ਮਿੱਤਰ ਕੀੜੇ ਮਰ ਜਾਂਦੇ ਹਨ।
- ਫਸਲਾਂ ਨੂੰ ਵੱਧ ਬਿਮਾਰੀਆਂ ਲੱਗਦੀਆਂ ਹਨ ਜਿਸਨੂੰ ਕਾਬੂ ਕਰਨ ਲਈ ਜ਼ਿਆਦਾ ਜ਼ਹਿਰਾਂ ਦਾ ਛਿੜਕਾਅ ਕਰਨਾ ਪੈਂਦਾ ਹੈ। ਇਹ ਜ਼ਹਿਰਾਂ ਵਾਤਾਵਰਨ ਨੂੰ ਹੋਰ ਵੀ ਵਧੇਰੇ ਪਲੀਤ ਕਰਦੀਆਂ ਹਨ।
- ਵਾਤਾਵਰਨ ਵਿੱਚ ਫੈਲਦਾ ਜ਼ਹਿਰੀਲਾ ਧੂੰਆਂ ਅੱਖਾਂ ਅਤੇ ਫੇਫੜਿਆਂ ਦੀਆਂ ਗੰਭੀਰ ਬਿਮਾਰੀਆਂ ਕਾਰਨ ਬਣਦਾ ਹੈ।